# ਅਧਿਆਇ 26

# ਦੂਜੀ ਗਿਣਤੀ

ਕਨਾਨ ਦੇਸ ਵੱਲ ਨੂੰ ਉਨ੍ਹਾਂ ਦੇ ਸਫ਼ਰ ਦੇ ਲਈ ਇਸਰਾਏਲ ਦੀ ਤਿਆਰੀ ਬਾਰੇ ਦੱਸਣ ਤੋਂ ਬਾਅਦ (ਅਧਿਆਇ 1-10), ਗਿਣਤੀ ਦੀ ਪੁਸਤਕ ਕਨਾਨ ਦੀ ਸਰਹੱਦ ਵੱਲ ਨੂੰ ਉਨ੍ਹਾਂ ਦੇ ਸਫ਼ਰ ਦਾ ਵਰਣਨ ਕਰਦੀ ਹੈ ਅਤੇ ਇਹ ਦੱਸਦੀ ਹੈ ਕਿ ਉਸ ਥਾਂ ਤੇ ਪਹੁੰਚਣ ਦੇ ਲਈ ਉਨ੍ਹਾਂ ਨੂੰ ਚਾਲ੍ਹੀ ਦਿਨਾਂ ਦੀ ਬਜਾਇ ਲਗਭਗ ਚਾਲ੍ਹੀ ਸਾਲ ਕਿਵੇਂ ਲੱਗ ਗਏ (ਅਧਿਆਇ 11-25)। ਪੁਸਤਕ ਦੇ ਆਖ਼ਰੀ ਗਿਆਰਾਂ ਅਧਿਆਇ (ਅਧਿਆਇ 26-36) ਮੁੱਖ ਤੌਰ ਤੇ ਕਨਾਨ ਦੇਸ ਵਿਚ ਇਸਰਾਏਲ ਦੇ ਦਾਖ਼ਲ ਹੋਣ ਬਾਰੇ ਦੱਸਦੇ ਹਨ। ਇਸਰਾਏਲੀਆਂ ਨੇ ਮੋਆਬ ਦੇ ਮਦਾਨ ਵਿਚ, ਯਰਦਨ ਦੇ ਚੜ੍ਹਦੇ ਪਾਸੇ ਡੇਰਾ ਲਾਇਆ ਸੀ ਅਤੇ ਉਹ ਨਦੀ ਨੂੰ ਪਾਰ ਕਰਨ ਅਤੇ ਕਨਾਨ ਤੇ ਕਬਜ਼ਾ ਕਰਨ ਦੀ ਉਡੀਕ ਕਰ ਰਹੇ ਸਨ। ਇਨ੍ਹਾਂ ਅਧਿਆਵਾਂ ਵਿਚ ਵਾਅਦੇ ਦੀ ਧਰਤੀ ਵਿਚ ਇਸਰਾਏਲ ਦੇ ਵੱਸਣ ਸੰਬੰਧੀ ਬਿਧੀਆਂ ਅਤੇ ਵਿਰਤਾਂਤ ਹਨ।

ਗਿਣਤੀ ਦੀ ਪੁਸਤਕ ਵਿਚ ਅਧਿਆਇ 26 ਵਿਚ ਦੂਜੀ ਗਿਣਤੀ ਦਾ ਵਿਰਤਾਂਤ ਦਿੱਤਾ ਗਿਆ ਹੈ। ਪਹਿਲੀ ਗਿਣਤੀ ਲਗਭਗ ਅਠੱਤੀ ਵਰਹੇ ਪਹਿਲਾਂ ਸੀਨਈ ਵਿਚ ਕੀਤੀ ਗਈ ਸੀ (ਵੇਖੋ ਅਧਿਆਇ 1)। ਇਹ ਦੂਜੀ ਗਿਣਤੀ ਜ਼ਰੂਰੀ ਸੀ ਕਿਉਂਕਿ ਪਹਿਲੀ ਪੀੜ੍ਹੀ ਮਰ ਚੁੱਕੀ ਸੀ ਅਤੇ ਇਹ ਗਿਣਤੀ ਇਹ ਨਿਰਧਾਰਤ ਕਰਨ ਦੇ ਲਈ ਸੀ ਕਿ ਬਾਰ੍ਹਾਂ ਗੋਤਾਂ ਵਿਚ ਧਰਤੀ ਨੂੰ ਕਿਵੇਂ ਵੰਡਿਆ ਜਾਵੇਗਾ। ਇਹ ਇਕ ਨਵੀਂ ਸ਼ੁਰੂਆਤ ਵੱਲ ਵੀ ਇਸ਼ਾਰਾ ਕਰਦੀ ਸੀ। 1 ਤੋਂ 25 ਅਧਿਆਵਾਂ ਵਿਚ ਦਰਜ ਘਟਨਾਵਾਂ ਜ਼ਿਆਦਾਤਰ ਪੁਰਾਣੀ ਪੀੜ੍ਹੀ ਨਾਲ ਸੰਬੰਧਤ ਹਨ; 26 ਤੋਂ 36 ਅਧਿਆਵਾਂ ਵਿਚ ਵਰਣਨ ਕੀਤੀਆਂ ਗਈਆਂ ਘਟਨਾਵਾਂ ਵਿਚ ਸਿਰਫ ਨਵੀਂ ਪੀੜ੍ਹੀ ਸ਼ਾਮਲ ਸੀ।

ਪਹਿਲੀ ਗਿਣਤੀ ਦੇ ਵਾਂਗ, ਦੂਜੀ ਗਿਣਤੀ ਵਿਚ ਹਰ ਗੋਤ ਵਿੱਚੋਂ "ਵੀਹ ਵਰਿਹਾਂ ਅਰ ਉੱਪਰ ਦੇ" (26:2, 4) ਪੁਰਸ਼ਾਂ ਦੀ ਗਿਣਤੀ ਕੀਤੀ ਗਈ ਸੀ ਅਤੇ ਸਾਰੇ ਗੋਤਾਂ ਦੇ ਪੁਰਸ਼ਾਂ ਦੀ ਕੁੱਲ ਗਿਣਤੀ ਦਿੱਤੀ ਗਈ ਹੈ (26:5-51)। ਨਤੀਜੇ ਵਿਖਾਉਂਦੇ ਸਨ ਕਿ ਉਜਾੜ ਵਿਚ ਬਿਤਾਏ ਗਏ ਵਰਿਹਾਂ ਦੌਰਾਨ ਇਸਰਾਏਲੀਆਂ ਦੀ ਗਿਣਤੀ ਵਿਚ ਕੋਈ ਜ਼ਿਆਦਾ ਗਿਰਾਵਟ ਨਹੀਂ ਸੀ ਆਈ। ਗੋਤਾਂ ਦੇ ਆਕਾਰਾਂ ਅਨੁਸਾਰ, ਗੋਤਾਂ ਦੀ ਵੰਡ ਗੁਣੇ ਪਾ ਕੇ ਕੀਤੀ ਜਾਣੀ ਸੀ (26:52-56)। ਲੇਵੀਆਂ ਦੀ ਗਿਣਤੀ ਵੱਖਰੇ ਤੌਰ ਤੇ ਕੀਤੀ ਜਾਣੀ ਸੀ (26:57-62)।

## ਗਿਣਤੀ ਕਰਨਾ (26:1-51)

**1ਬਵਾ ਦੇ ਮਗਰੋਂ ਐਉਂ ਹੋਇਆ ਕਿ ਯਹੋਵਾਹ ਨੇ ਮੂਸਾ ਅਰ ਹਾਰੂਨ ਜਾਜਕ ਦੇ ਪੁੱਤ੍ਰ ਅਲਆਜ਼ਾਰ ਨੂੰ ਆਖਿਆ, 2ਇਸਰਾਏਲੀਆਂ ਦੀ ਸਾਰੀ ਮੰਡਲੀ ਦੀ ਗਿਣਤੀ ਕਰੋ, ਵੀਹ ਵਰਿਹਾਂ ਅਰ ਉੱਪਰ ਦੇ ਅਤੇ ਪਿਤਰਾਂ ਦੇ ਘਰਾਣਿਆਂ ਅਨੁਸਾਰ ਸਾਰੇ ਜਿਹੜੇ ਇਸਰਾਏਲ ਵਿੱਚ ਜੁੱਧ ਕਰਨ ਜੋਗ ਹਨ। 3ਤਦ ਮੂਸਾ ਅਰ ਅਲਆਜ਼ਾਰ ਜਾਜਕ ਮੋਆਬ ਦੇ ਮਦਾਨ**

ਵਿੱਚ ਯਰਦਨ ਉੱਤੇ ਯਰੀਹੋ ਕੋਲ ਉਨ੍ਹਾਂ ਨੂੰ ਬੋਲੇ, 4ਵੀਹ ਵਰਿਹਾਂ ਅਰ ਉੱਪਰ ਦੇ ਮਨੁੱਖਾਂ ਦੀ
ਗਿਣਤੀ ਕਰੋ ਜਿਵੇਂ ਯਹੋਵਾਹ ਨੇ ਮੂਸਾ ਅਰ ਇਸਰਾਏਲੀਆਂ ਨੂੰ ਹੁਕਮ ਦਿੱਤਾ ਸੀ ਜਦ ਓਹ
ਮਿਸਰ ਦੇਸ ਤੋਂ ਨਿੱਕਲ ਰਹੇ ਸਨ।
5ਰਊਬੇਨ ਇਸਰਾਏਲ ਦਾ ਪਲੇਠਾ। ਰਊਬੇਨ ਦੇ ਪੁੱਤ੍ਰ, - ਹਨੋਕ ਤੋਂ ਹਨੋਕੀਆਂ ਦਾ
ਟੱਬਰ, ਪੱਲੂ ਤੋਂ ਪੱਲੂਆਂ ਦਾ ਟੱਬਰ, ਹਸਰੋਨ ਤੋਂ ਹਸਰੋਨੀਆਂ ਦਾ ਟੱਬਰ, 6ਕਰਮੀ ਤੋਂ
ਕਰਮੀਆਂ ਦਾ ਟੱਬਰ। 7ਏਹ ਰਊਬੇਨੀਆਂ ਦੇ ਟੱਬਰ ਹਨ ਅਤੇ ਜਿਹੜੇ ਉਨ੍ਹਾਂ ਵਿੱਚੋਂ ਗਿਣੇ
ਗਏ ਓਹ ਤਿਰਤਾਲੀ ਹਜ਼ਾਰ ਸੱਤ ਸੌ ਤੀਹ ਸਨ। 8ਅਤੇ ਪੱਲੂ ਦਾ ਪੁੱਤ੍ਰ ਅਲੀਆਬ ਸੀ।
9ਅਤੇ ਅਲੀਆਬ ਦੇ ਪੁੱਤ੍ਰ ਨਮੂਏਲ ਅਰ ਦਾਥਾਨ ਅਰ ਅਬੀਰਾਮ ਸਨ। ਏਹ ਓਹ ਦਾਥਾਨ
ਅਰ ਅਬੀਰਾਮ ਹਨ ਜਿਹੜੇ ਮੰਡਲੀ ਦੀ ਚੋਣ ਦੇ ਸਨ ਅਤੇ ਮੂਸਾ ਦੇ ਵਿਰੁੱਧ ਅਰ ਹਾਰੂਨ
ਦੇ ਵਿਰੁੱਧ ਕੋਰਹ ਦੀ ਟੋਲੀ ਨਾਲ ਤੀਂਘੜ ਰਹੇ ਸਨ ਜਦ ਓਹ ਯਹੋਵਾਹ ਦੇ ਵਿਰੁੱਧ ਤੀਂਘੜਦੇ
ਸਨ। 10ਉਸ ਵੇਲੇ ਧਰਤੀ ਨੇ ਆਪਣਾ ਮੂੰਹ ਖੋਲ੍ਹ ਕੇ ਉਨ੍ਹਾਂ ਨੂੰ ਕੋਰਹ ਸਣੇ ਭੱਖ ਲਿਆ ਜਦ
ਉਹ ਟੋਲੀ ਮਰ ਗਈ ਅਤੇ ਜਦ ਅੱਗ ਨੇ ਢਾਈ ਸੌ ਮਨੁੱਖਾਂ ਨੂੰ ਭਸਮ ਕੀਤਾ ਸੋ ਓਹ ਇੱਕ
ਨਿਸ਼ਾਨ ਹੋ ਗਏ। 11ਪਰ ਕੋਰਹ ਦੇ ਪੁੱਤ੍ਰ ਨਹੀਂ ਮਰੇ।
12ਸ਼ਿਮਓਨ ਦੇ ਪੁੱਤ੍ਰ ਆਪਣਿਆਂ ਟੱਬਰਾਂ ਅਨੁਸਾਰ, - ਨਮੂਏਲ ਤੋਂ ਨਮੂਏਲੀਆਂ ਦਾ
ਟੱਬਰ, ਯਮੀਨ ਤੋਂ ਯਮੀਨੀਆਂ ਦਾ ਟੱਬਰ, ਯਾਕੀਨ ਤੋਂ ਯਾਕੀਨੀਆਂ ਦਾ ਟੱਬਰ, 13ਜ਼ਰਹ ਤੋਂ
ਜ਼ਰਹੀਆਂ ਦਾ ਟੱਬਰ, ਸ਼ਾਊਲ ਤੋਂ ਸ਼ਾਊਲੀਆਂ ਦਾ ਟੱਬਰ। 14ਏਹ ਸ਼ਿਮਓਨੀਆਂ ਦੇ ਟੱਬਰ
ਹਨ ਅਤੇ ਓਹ ਬਾਈ ਹਜ਼ਾਰ ਦੋ ਸੌ ਸਨ।
15ਗਾਦ ਦੇ ਪੁੱਤ੍ਰ ਆਪਣਿਆਂ ਟੱਬਰਾਂ ਅਨੁਸਾਰ, - ਸਫ਼ੋਨ ਤੋਂ ਸਫ਼ੋਨੀਆਂ ਦਾ ਟੱਬਰ,
ਹੱਗੀਆਂ ਦਾ ਟੱਬਰ, ਸੂਨੀ ਤੋਂ ਸੂਨੀਆਂ ਦਾ ਟੱਬਰ, 16ਆਜ਼ਨੀ ਤੋਂ ਆਜ਼ਨੀਆਂ ਦਾ ਟੱਬਰ,
ਏਰੀ ਤੋਂ ਏਰੀਆਂ ਦਾ ਟੱਬਰ, 17ਅਰੋਦ ਤੋਂ ਅਰੋਦੀਆਂ ਦਾ ਟੱਬਰ, ਅਰਏਲੀ ਤੋਂ ਅਰਏਲੀਆਂ
ਦਾ ਟੱਬਰ। 18ਏਹ ਗਾਦੀਆਂ ਦੇ ਟੱਬਰ ਉਨ੍ਹਾਂ ਦੇ ਗਿਣੇ ਹੋਇਆਂ ਦੇ ਅਨੁਸਾਰ ਹਨ ਅਤੇ ਚਾਲੀ
ਹਜ਼ਾਰ ਪੰਜ ਸੌ ਸਨ।
19ਯਹੂਦਾਹ ਦੇ ਪੁੱਤ੍ਰ ਏਰ ਅਤੇ ਓਨਾਨ ਸਨ ਅਤੇ ਏਰ ਅਤੇ ਓਨਾਨ ਕਨਾਨ ਦੇਸ ਵਿੱਚ
ਮਰ ਗਏ। 20ਯਹੂਦਾਹ ਦੇ ਪੁੱਤ੍ਰ ਆਪਣਿਆਂ ਟੱਬਰਾਂ ਅਨੁਸਾਰ ਏਹ ਸਨ, - ਸ਼ੇਲਾਹ ਤੋਂ
ਸ਼ੇਲਾਹੀਆਂ ਦਾ ਟੱਬਰ, ਪਰਸ ਤੋਂ ਪਰਸੀਆਂ ਦਾ ਟੱਬਰ, ਜ਼ਰਹ ਤੋਂ ਜ਼ਰਹੀਆਂ ਦਾ ਟੱਬਰ।
21ਪਰਸ ਦੇ ਪੁੱਤ੍ਰ ਏਹ ਸਨ, - ਹਸਰੋਨ ਤੋਂ ਹਸਰੋਨੀਆਂ ਦਾ ਟੱਬਰ, ਹਮੂਲ ਤੋਂ ਹਮੂਲੀਆਂ ਦਾ
ਟੱਬਰ। 22ਏਹ ਯਹੂਦਾਹ ਦੇ ਟੱਬਰ ਉਨ੍ਹਾਂ ਦੇ ਗਿਣੇ ਹੋਇਆਂ ਦੇ ਅਨੁਸਾਰ ਹਨ ਅਤੇ ਓਹ
ਛਿਹੱਤਰ ਹਜ਼ਾਰ ਪੰਜ ਸੌ ਸਨ।
23ਯਿੱਸਾਕਾਰ ਦੇ ਪੁੱਤ੍ਰ ਆਪਣਿਆਂ ਟੱਬਰਾਂ ਅਨੁਸਾਰ, - ਤੋਲਾ ਤੋਂ ਤੋਲੀਆਂ ਦਾ ਟੱਬਰ,
ਪੁੱਵਾਹ ਤੋਂ ਪੂਨੀਆਂ ਦਾ ਟੱਬਰ, 24ਯਾਸ਼ੂਬ ਤੋਂ ਯਾਸ਼ੂਬੀਆਂ ਦਾ ਟੱਬਰ, ਸ਼ਿਮਰੋਨ ਤੋਂ
ਸ਼ਿਮਰੋਨੀਆਂ ਦਾ ਟੱਬਰ। 25ਏਹ ਯਿੱਸਾਕਾਰ ਦੇ ਟੱਬਰ ਉਨ੍ਹਾਂ ਦੇ ਗਿਣੇ ਹੋਇਆਂ ਅਨੁਸਾਰ
ਅਤੇ ਓਹ ਚੌਹਟ ਹਜ਼ਾਰ ਤਿੰਨ ਸੌ ਸਨ।
26ਜ਼ਬੂਲੁਨ ਦੇ ਪੁੱਤ੍ਰ ਆਪਣਿਆਂ ਟੱਬਰਾਂ ਅਨੁਸਾਰ, - ਸਰਦ ਤੋਂ ਸਰਦੀਆਂ ਦਾ ਟੱਬਰ,
ਏਲੋਨ ਤੋਂ ਏਲੋਨੀਆਂ ਦਾ ਟੱਬਰ, ਯਹਲਏਲ ਤੋਂ ਯਹਲਏਲੀਆਂ ਦਾ ਟੱਬਰ। 27ਏਹ
ਜ਼ਬੂਲੁਨੀਆਂ ਦੇ ਟੱਬਰ ਉਨ੍ਹਾਂ ਦੇ ਗਿਣੇ ਹੋਇਆਂ ਅਨੁਸਾਰ ਹਨ ਅਤੇ ਓਹ ਸੱਠ ਹਜ਼ਾਰ ਪੰਜ
ਸੌ ਸਨ।
28ਯੂਸੁਫ਼ ਦੇ ਪੁੱਤ੍ਰ ਆਪਣਿਆਂ ਟੱਬਰਾਂ ਅਨੁਸਾਰ, ਮਨੱਸ਼ਹ ਅਰ ਅਫ਼ਰਈਮ। 29ਮਨੱਸ਼ਹ

ਦੇ ਪੁੱਤ੍ਰ, - ਮਾਕੀਰ ਤੋਂ ਮਾਕੀਰੀਆਂ ਦਾ ਟੱਬਰ ਅਤੇ ਮਾਕੀਰ ਤੋਂ ਗਿਲਆਦ ਜੰਮਿਆ, -
ਗਿਲਆਦ ਤੋਂ ਗਿਲਆਦੀਆਂ ਦਾ ਟੱਬਰ। 30ਏਹ ਗਿਲਆਦ ਦੇ ਪੁੱਤ੍ਰ, - ਈਅਜ਼ਰ ਤੋਂ
ਈਅਜ਼ਰੀਆਂ ਦਾ ਟੱਬਰ, ਹੇਲਕ ਤੋਂ ਹੇਲਕੀਆਂ ਦਾ ਟੱਬਰ 31ਅਤੇ ਅਸਰੀਏਲ ਤੋਂ
ਅਸਰੀਏਲੀਆਂ ਦਾ ਟੱਬਰ ਅਤੇ ਸ਼ਕਮ ਤੋਂ ਸ਼ਕਮੀਆਂ ਦਾ ਟੱਬਰ 32ਅਤੇ ਸ਼ਮੀਦਾ ਤੋਂ
ਸ਼ਮੀਦਾਈਆਂ ਦਾ ਟੱਬਰ ਅਤੇ ਹੇਫ਼ਰ ਤੋਂ ਹੇਫ਼ਰੀਆਂ ਦਾ ਟੱਬਰ 33ਅਤੇ ਸਲਾਫ਼ਹਾਦ ਹੇਫਰ
ਦੇ ਪੁੱਤ੍ਰ ਕੋਲ ਪੁੱਤ੍ਰ ਨਹੀਂ ਪਰ ਧੀਆਂ ਸਨ ਅਤੇ ਸਲਾਫ਼ਹਾਦ ਦੀਆਂ ਧੀਆਂ ਦੇ ਨਾਉਂ ਮਹਲਾਹ
ਅਰ ਨੋਆਹ ਅਰ ਹਾਗਲਾਹ ਅਰ ਮਿਲਕਾਹ ਅਰ ਤਿਰਸਾਹ ਸਨ। 34ਏਹ ਮਨੱਸ਼ਹ ਦੇ
ਟੱਬਰ ਹਨ ਅਤੇ ਉਨ੍ਹਾਂ ਦੇ ਗਿਣੇ ਹੋਏ ਬਵੰਜਾ ਹਜ਼ਾਰ ਸੱਤ ਸੌ ਸਨ।

35ਅਫ਼ਰਈਮ ਦੇ ਪੁੱਤ੍ਰ ਆਪਣਿਆਂ ਟੱਬਰਾਂ ਅਨੁਸਾਰ ਏਹ ਸਨ, - ਸੂਥਲਹ ਤੋਂ
ਸੂਥਲਹੀਆਂ ਦਾ ਟੱਬਰ, ਬਕਰ ਤੋਂ ਬਕਰੀਆਂ ਦਾ ਟੱਬਰ, ਥਹਨ ਤੋਂ ਥਹਨੀਆਂ ਦਾ ਟੱਬਰ।
36ਅਤੇ ਏਹ ਸੂਥਲਹ ਦੇ ਪੁੱਤ੍ਰ ਸਨ, - ਏਰਾਨ ਤੋਂ ਏਰਾਨੀਆਂ ਦਾ ਟੱਬਰ। 37ਏਹ ਅਫ਼ਰਈਮ
ਦੇ ਪੁੱਤ੍ਰਾਂ ਦੇ ਟੱਬਰ ਉਨ੍ਹਾਂ ਦੇ ਗਿਣੇ ਹੋਇਆਂ ਅਨੁਸਾਰ ਹਨ ਅਤੇ ਓਹ ਬੱਤੀ ਹਜ਼ਾਰ ਪੰਜ ਸੌ
ਸਨ। ਏਹ ਯੂਸੁਫ਼ ਦੇ ਪੁੱਤ੍ਰ ਉਨ੍ਹਾਂ ਦੇ ਟੱਬਰਾਂ ਦੇ ਅਨੁਸਾਰ ਹਨ।

38ਬਿਨਯਾਮੀਨ ਦੇ ਪੁੱਤ੍ਰ ਆਪਣਿਆਂ ਟੱਬਰਾਂ ਅਨੁਸਾਰ, - ਬਲਾ ਤੋਂ ਬਲੀਆਂ ਦਾ ਟੱਬਰ,
ਅਸ਼ਬੇਲ ਤੋਂ ਅਸ਼ਬੇਲੀਆਂ ਦਾ ਟੱਬਰ, ਅਹੀਰਾਮ ਤੋਂ ਅਹੀਰਾਮੀਆਂ ਦਾ ਟੱਬਰ, 39ਸ਼ਫ਼ੂਫ਼ਾਮ
ਤੋਂ ਸ਼ਫ਼ੂਫ਼ਾਮੀਆਂ ਦਾ ਟੱਬਰ, ਹੂਫ਼ਾਮ ਤੋਂ ਹੂਫ਼ਾਮੀਆਂ ਦਾ ਟੱਬਰ। 40ਅਤੇ ਬਲਾ ਦੇ ਪੁੱਤ੍ਰ ਅਰਦ
ਅਰ ਨਆਮਾਨ ਸਨ। ਅਰਦ ਤੋਂ ਅਰਦੀਆਂ ਦਾ ਟੱਬਰ, ਨਆਮਾਨ ਤੋਂ ਨਆਮਾਨੀਆਂ ਦਾ
ਟੱਬਰ। 41ਏਹ ਬਿਨਯਾਮੀਨ ਦੇ ਪੁੱਤ੍ਰ ਉਨ੍ਹਾਂ ਦੇ ਟੱਬਰਾਂ ਅਨੁਸਾਰ ਹਨ ਅਤੇ ਉਨ੍ਹਾਂ ਦੇ ਗਿਣੇ
ਹੋਏ ਪੈਂਤਾਲੀ ਹਜ਼ਾਰ ਛੇ ਸੌ ਸਨ।

42ਦਾਨ ਦੇ ਪੁੱਤ੍ਰ ਆਪਣਿਆਂ ਟੱਬਰਾਂ ਅਨੁਸਾਰ, - ਸੂਹਾਮ ਤੋਂ ਸੂਹਾਮੀਆਂ ਦਾ ਟੱਬਰ,
ਏਹ ਦਾਨੀਆਂ ਦੇ ਟੱਬਰ ਉਨ੍ਹਾਂ ਦੇ ਟੱਬਰਾਂ ਅਨੁਸਾਰ ਹਨ। 43ਸੂਹਾਮੀਆਂ ਦੇ ਸਾਰੇ ਟੱਬਰ
ਗਿਣੇ ਹੋਇਆਂ ਅਨੁਸਾਰ ਚੌਂਹਟ ਹਜ਼ਾਰ ਚਾਰ ਸੌ ਸਨ।

44ਆਸ਼ੇਰ ਦੇ ਪੁੱਤ੍ਰ ਆਪਣਿਆਂ ਟੱਬਰਾਂ ਅਨੁਸਾਰ, - ਯਿਮਨਾਹ ਤੋਂ ਯਿਮਨਾਹੀਆਂ ਦਾ
ਟੱਬਰ, ਯਿਸ਼ਵੀ ਤੋਂ ਯਿਸ਼ਵੀਆਂ ਦਾ ਟੱਬਰ, ਬਰੀਯਾਹ ਤੋਂ ਬਰੀਈਆਂ ਦਾ ਟੱਬਰ।
45ਬਰੀਯਾਹ ਦੇ ਪੁੱਤ੍ਰ ਤੋਂ, - ਹੇਬਰ ਤੋਂ ਹੇਬਰੀਆਂ ਦਾ ਟੱਬਰ, ਮਲਕੀਏਲ ਤੋਂ ਮਲਕੀਏਲੀਆਂ
ਦਾ ਟੱਬਰ। 46ਅਤੇ ਆਸ਼ੇਰ ਦੀ ਧੀ ਦਾ ਨਾਉਂ ਸਾਰਹ ਸੀ। 47ਏਹ ਆਸ਼ੇਰੀਆਂ ਦੇ ਟੱਬਰ ਉਨ੍ਹਾਂ
ਦੇ ਗਿਣੇ ਹੋਇਆਂ ਅਨੁਸਾਰ ਹਨ ਅਤੇ ਓਹ ਤਿਰਵੰਜਾ ਹਜ਼ਾਰ ਚਾਰ ਸੌ ਸਨ।

48ਨਫ਼ਤਾਲੀ ਦੇ ਪੁੱਤ੍ਰ ਉਨ੍ਹਾਂ ਦੇ ਟੱਬਰਾਂ ਅਨੁਸਾਰ, - ਯਹਸਏਲ ਤੋਂ ਯਹਸਏਲੀਆਂ ਦਾ
ਟੱਬਰ, ਗੂਨੀ ਤੋਂ ਗੂਨੀਆਂ ਦਾ ਟੱਬਰ, 49ਯੇਸਰ ਤੋਂ ਯੇਸਰੀਆਂ ਦਾ ਟੱਬਰ, ਸ਼ਿੱਲੇਮ ਤੋਂ
ਸ਼ਿੱਲੇਮੀਆਂ ਦਾ ਟੱਬਰ। 50ਏਹ ਨਫ਼ਤਾਲੀ ਦੇ ਟੱਬਰ ਉਨ੍ਹਾਂ ਦੇ ਟੱਬਰਾਂ ਅਨੁਸਾਰ ਹਨ ਅਤੇ
ਉਨ੍ਹਾਂ ਦੇ ਗਿਣੇ ਹੋਏ ਪੈਂਤਾਲੀ ਹਜ਼ਾਰ ਚਾਰ ਸੌ ਸਨ।

51ਏਹ ਇਸਰਾਏਲੀਆਂ ਦੇ ਗਿਣੇ ਹੋਏ ਛੇ ਲੱਖ ਇੱਕ ਹਜ਼ਾਰ ਸੱਤ ਸੌ ਤੀਹ ਸਨ।

**ਆਇਤ 1.** ਜਦੋਂ ਇਸਰਾਏਲੀਆਂ ਨੇ ਮੋਆਬ ਦੇ ਮਦਾਨ ਵਿਚ ਡੇਰਾ ਲਾਇਆ, **ਯਹੋਵਾਹ ਨੇ ਮੂਸਾ ਅਰ ਹਾਰੂਨ ਜਾਜਕ ਦੇ ਪੁੱਤ੍ਰ ਅਲਆਜ਼ਾਰ ਨੂੰ ਆਖਿਆ**। ਹਾਰੂਨ ਹੋਰ ਨਾਮੀ ਪਰਬਤ ਉੱਤੇ ਮਰ ਗਿਆ ਸੀ ਅਤੇ ਪਰਧਾਨ ਜਾਜਕ ਦੇ ਤੌਰ ਤੇ ਉਸ ਦੀ ਥਾਂ ਉਸ ਦੇ ਪੁੱਤ੍ਰ ਅਲਆਜ਼ਾਰ ਨੇ ਲੈ ਲਈ ਸੀ (20:23-29)। ਉਸ **ਬਵਾ ਦੇ ਮਗਰੋਂ** ਜੋ ਮਿਦਯਾਨ ਦੀਆਂ ਤੀਵੀਆਂ ਨਾਲ ਇਸਰਾਏਲ ਦੇ ਪਾਪ ਦੇ ਨਤੀਜੇ ਵਜੋਂ ਪਈ ਸੀ ਪਰਮੇਸ਼ੁਰ ਨੇ ਮੂਸਾ ਅਰ ਅਲਾਆਜ਼ਾਰ

ਨਾਲ ਗੱਲ ਕੀਤੀ (ਅਧਿਆਇ 25)।

**ਆਇਤ 2.** ਪਰਮੇਸ਼ੁਰ ਨੇ ਆਪਣੀ ਪਰਜਾ ਦੇ ਆਗੂਆਂ ਨੂੰ **ਇਸਰਾਏਲੀਆਂ ਦੀ ਸਾਰੀ ਮੰਡਲੀ ਦੀ ਗਿਣਤੀ ਕਰਨ** ਦੀ ਹਦਾਇਤ ਦਿੱਤੀ ਸੀ। ਉਸ ਗਿਣਤੀ ਵਿਚ **ਵੀਹ ਵਰਿਹਾਂ ਅਰ ਉੱਪਰ ਦੇ** ਹਰ ਪੁਰਸ਼ ਨੂੰ ਸ਼ਾਮਲ ਕੀਤਾ ਜਾਣਾ ਸੀ। ਇਸ ਲਈ, ਇਸ ਗਿਣਤੀ ਵਿਚ ਉਨ੍ਹਾਂ ਸਾਰੇ ਇਸਰਾਏਲੀਆਂ ਦੀ ਗਿਣਤੀ ਕੀਤੀ ਜਾਣੀ ਸੀ ਜਿਹੜੇ **ਜੁੱਧ ਕਰਨ ਜੋਗ** ਸਨ (1:2, 3 ਤੇ ਟਿੱਪਣੀਆਂ ਵੇਖੋ)।

**ਆਇਤ 3.** ਇਸ ਸਮੇਂ, ਪਰਜਾ ਹਾਲੇ ਵੀ **ਮੋਆਬ ਦੇ ਮਦਾਨ ਵਿੱਚ** ਸੀ। **ਯਰਦਨ ਉੱਤੇ** ਉਨ੍ਹਾਂ ਦੀ ਸਥਿਤੀ ਉਨ੍ਹਾਂ ਨੂੰ **ਯਰੀਹੋ** ਤੋਂ ਨਦੀ ਦੇ ਪਾਰ ਸ਼ਿੱਟੀਮ ਵਿਚ ਰੱਖੇਗੀ (25:1; 26:63)।

**ਆਇਤ 4.** ਮੂਸਾ ਅਤੇ ਅਲਆਜ਼ਾਰ ਨੇ **ਗਿਣਤੀ ਕਰਨ** ਦੇ ਪਰਮੇਸ਼ੁਰ ਦੇ ਹੁਕਮ ਨੂੰ ਪਰਜਾ ਤੱਕ ਪਹੁੰਚਾਇਆ ਅਤੇ ਬਾਕੀ ਦਾ ਅਧਿਆਇ ਨਤੀਜੇ ਦਿੰਦਾ ਹੈ। ਗਿਣਤੀ ਨੂੰ ਕਾਫ਼ੀ ਵਿਸਥਾਰ ਵਿਚ ਦੱਸਿਆ ਗਿਆ ਹੈ ਅਤੇ ਸੂਚੀ ਨੂੰ **ਇਸਰਾਏਲੀਆਂ ਜਦ ਓਹ ਮਿਸਰ ਦੇਸ ਤੋਂ ਨਿੱਕਲ ਰਹੇ ਸਨ** ਨਾਮ ਦਿੱਤਾ ਗਿਆ ਹੈ। ਅਗਲੀਆਂ ਆਇਤਾਂ ਵਿਚ, ਹਰੇਕ ਗੋਤ ਵਿਚ ਟੱਬਰਾਂ ਦੇ ਮੁਖੀਆਂ ਦਾ ਨਾਮ ਦਿੱਤਾ ਗਿਆ ਹੈ ਅਤੇ ਹਰ ਗੋਤ ਵਿਚ ਗਿਣੇ ਗਏ ਪੁਰਸ਼ਾਂ ਦੀ ਗਿਣਤੀ ਦਿੱਤੀ ਗਈ ਹੈ।

**ਆਇਤਾਂ 5-7.** ਪਹਿਲੀ ਗਿਣਤੀ ਵਾਂਗ (1:20, 21) ਸੂਚੀ ਵਿਚ ਸਭ ਤੋਂ ਪਹਿਲਾਂ **ਰਊਬੇਨ, ਇਸਰਾਏਲ ਦੇ ਪਲੋਠੇ** ਦਾ ਗੋਤ ਆਉਂਦਾ ਹੈ। ਪਰ, ਰਊਬੇਨ ਦੇ ਪਾਪ ਦੇ ਕਾਰਣ (ਉਤਪਤ 35:22; 49:3, 4), ਆਗੂ ਹੋਣ ਦਾ ਵਿਸ਼ੇਸ਼ ਅਧਿਕਾਰ ਯਹੂਦਾਹ ਨੂੰ ਦੇ ਦਿੱਤਾ ਗਿਆ ਸੀ (2:10, 11 ਤੇ ਟਿੱਪਣੀਆਂ ਵੇਖੋ)। ਰਊਬੇਨ ਦੇ ਟੱਬਰਾਂ ਵਿਚ **ਹਨੋਕੀਆਂ**, **ਪੱਲੂਆਂ**, **ਹਸਰੋਨੀਆਂ** ਅਤੇ **ਕਰਮੀਆਂ** ਦੇ ਟੱਬਰ ਸ਼ਾਮਲ ਸਨ। ਉਨ੍ਹਾਂ ਦੀ ਕੁੱਲ ਗਿਣਤੀ **ਤਿਰਤਾਲੀ ਹਜ਼ਾਰ ਸੱਤ ਸੌ ਤੀਹ** ਦਿੱਤੀ ਗਈ ਹੈ।

**ਆਇਤਾਂ 8-11.** ਰਊਬੇਨੀਆਂ ਵਿੱਚੋਂ, ਕੁਝ ਪੁੱਤਰਾਂ ਦਾ ਨਾਮ ਲੈ ਕੇ ਜ਼ਿਕਰ ਕੀਤਾ ਗਿਆ ਹੈ। **ਪੱਲੂ ਦਾ ਪੁੱਤ੍ਰ** [ਸੀ] **ਅਲੀਆਬ**, ਜਿਸ ਦੇ ਪੁੱਤ੍ਰ ਸਨ **ਨਮੂਏਲ ਅਰ ਦਾਥਾਨ ਅਰ ਅਬੀਰਾਮ**। ਆਖ਼ਰੀ ਦੋ ਪੁੱਤਰਾਂ ਨੂੰ ਅਸੀਂ ਜਾਣਦੇ ਹਾਂ ਕਿਉਂਕ ਦਾਥਾਨ ਅਤੇ ਅਬੀਰਾਮ ਉਜਾੜ ਵਿਚ **ਮੂਸਾ ਦੇ ਵਿਰੁੱਧ ਅਰ ਹਾਰੂਨ ਦੇ ਵਿਰੁੱਧ ਕੋਰਹ ਦੀ ਟੋਲੀ ਨਾਲ ਤੀਂਘੜ ਰਹੇ ਸਨ**। ਮੂਲ ਲਿਖਤ ਦੱਸਦੀ ਹੈ ਕਿ **ਧਰਤੀ ਨੇ ਆਪਣਾ ਮੂੰਹ ਖੋਲ੍ਹ ਕੇ ਉਨ੍ਹਾਂ ਨੂੰ ਕੋਰਹ ਸਣੇ ਭੱਖ ਲਿਆ ਜਦ ਉਹ ਟੋਲੀ ਮਰ ਗਈ ਅਤੇ ਜਦ ਅੱਗ ਨੇ ਢਾਈ ਸੌ ਮਨੁੱਖ ਨੂੰ ਭਸਮ ਕੀਤਾ** (16:1-35)। ਅੱਗੇ ਇਹ ਦੱਸਿਆ ਗਿਆ ਹੈ ਕਿ ਇਹ ਮਨੁੱਖ ਇਸਰਾਏਲ ਦੇ ਲਈ **ਇੱਕ ਨਿਸ਼ਾਨ ਹੋ ਗਏ** ਅਤੇ **ਕੋਰਹ ਦੇ ਪੁੱਤ੍ਰ ਨਹੀਂ ਮਰੇ**। ਬਾਅਦ ਵਿਚ, ਕੋਰਹ ਦੇ ਵੰਸ਼ਾਂ ਵਿੱਚੋਂ ਕੁਝ ਡੇਰੇ ਦੇ ਰਾਖੇ ਸਨ (1 ਇਤਹਾਸ 9:19; 26:1, 19), ਜਦ ਕਿ ਕੁਝ ਡੇਰੇ ਵਿਚ ਗਵੱਯੀਏ ਬਣ ਗਏ - ਖ਼ਾਸ ਕਰਕੇ ਹੇਮਾਨ ਅਤੇ ਉਸ ਦੇ ਪੁੱਤਰ (1 ਇਤਹਾਸ 6:33-38; 15:16, 17; 16:41, 42; 25:1, 4, 5)। ਕੋਰਹ ਦੇ ਪੁੱਤਰ ਕਈ ਜ਼ਬੂਰਾਂ ਦੇ ਸਿਰਲੇਖਾਂ ਵਿਚ ਆਉਂਦੇ ਹਨ (ਜ਼ਬੂਰਾਂ 42; 44–49; 84; 85; 87; 88)।

**ਆਇਤਾਂ 12-14.** ਸੂਚੀ ਵਿਚ ਅਗਲਾ ਨਾਮ **ਸ਼ਿਮਓਨ ਦੇ ਪੁੱਤ੍ਰਾਂ** ਦਾ ਆਉਂਦਾ ਹੈ। ਇਨ੍ਹਾਂ ਵੰਸ਼ਾਂ ਵਿਚ **ਨਮੂਏਲੀਆਂ**, **ਯਮੀਨੀਆਂ**, **ਯਾਕੀਨੀਆਂ** ਅਤੇ **ਜ਼ਰਹੀਆਂ** ਦੇ ਟੱਬਰ ਸ਼ਾਮਲ ਸਨ। **ਸ਼ਿਮਓਨੀਆਂ** ਦੀ ਗਿਣਤੀ **ਬਾਈ ਹਜ਼ਾਰ ਦੋ ਸੌ** ਸੀ ਜੋ ਇਸ ਨੂੰ ਇਸ ਸਮੇਂ ਸਾਰੇ ਗੋਤਾਂ ਵਿੱਚੋਂ ਸਭ ਤੋਂ ਛੋਟਾ ਗੋਤ ਬਣਾਉਂਦੀ ਹੈ, ਹਾਲਾਂਕਿ ਇਹ ਕੂਚ ਦੇ ਸਮੇਂ ਸਭ ਤੋਂ ਵੱਡੇ ਗੋਤਾਂ ਵਿੱਚੋਂ ਇਕ ਸੀ (26:51 ਤੇ ਟਿੱਪਣੀਆਂ ਵੇਖੋ)।

**ਆਇਤਾਂ 15-18. ਗਾਦ** ਦੇ ਪੁੱਤਰ ਜੋ ਸੂਚੀ ਵਿਚ **ਆਪਣਿਆਂ ਟੱਬਰਾਂ ਅਨੁਸਾਰ** ਦਿੱਤੇ ਗਏ ਸਨ **ਸਫ਼ੋਨੀਆਂ**, **ਹੱਗੀਆਂ**, **ਸੂਨੀਆਂ**, **ਆਜ਼ਨੀਆਂ**, **ਏਰੀਆਂ** ਅਤੇ **ਅਰੋਦੀਆਂ** ਦੇ ਸਨ। ਇਨ੍ਹਾਂ ਟੱਬਰਾਂ ਦੇ ਕੁੱਲ ਮੈਂਬਰ **ਚਾਲੀ ਹਜ਼ਾਰ ਪੰਜ ਸੌ** ਸਨ। (ਸੂਚੀ ਵਿਚ ਗਾਦ ਦੇ ਸ਼ੁਰੂਆਤੀ ਸਥਾਨ ਦੇ ਲਈ, 1:20-43 ਤੇ ਟਿੱਪਣੀਆਂ ਵੇਖੋ।)

**ਆਇਤਾਂ 19-22. ਏਰ ਅਤੇ ਓਨਾਨ ਯਹੂਦਾਹ ਦੇ ਪੁੱਤ੍ਰ** ਸਨ, ਪਰ ਓਹ **ਕਨਾਨ ਦੇਸ ਵਿੱਚ ਮਰ ਗਏ**। ਦਰਅਸਲ, ਉਨ੍ਹਾਂ ਦੀਆਂ ਮੌਤਾਂ ਦੇ ਵੇਰਵੇ ਬਾਰੇ ਸਾਨੂੰ ਕੋਈ ਜਾਣਕਾਰੀ ਨਹੀਂ ਹੈ। ਯਹੂਦਾਹ ਦਾ ਪਲੋਠਾ ਪੁੱਤਰ, ਏਰ, ਤਾਮਾਰ ਦਾ ਪਤੀ ਸੀ ਅਤੇ ਉਸ ਦੀ ਬੁਰਿਆਈ ਦੇ ਕਾਰਣ ਪਰਮੇਸ਼ੁਰ ਨੇ ਉਸ ਨੂੰ ਮਾਰ ਸੁੱਟਿਆ (ਉਤਪਤ 38:6, 7; 1 ਇਤਹਾਸ 2:3)। ਓਨਾਨ ਵੀ ਉਸੇ ਤਰ੍ਹਾਂ ਮਾਰਿਆ ਗਿਆ ਕਿਉਂਕਿ ਉਹ ਆਪਣੇ ਭਰਾ ਦੀ ਵਿਧਵਾ ਦਾ ਭਰਜਾਈ ਦਾ ਹੱਕ ਪੂਰਾ ਕਰਨ ਵਿਚ ਅਸਫ਼ਲ ਰਿਹਾ ਸੀ (ਉਤਪਤ 38:8-10)। **ਯਹੂਦਾਹ ਦੇ ਪੁੱਤ੍ਰ ਆਪਣਿਆਂ ਟੱਬਰਾਂ ਅਨੁਸਾਰ** ਸਨ **ਸ਼ੇਲਾਹੀਆਂ**, **ਪਰਸੀਆਂ** ਅਤੇ **ਜ਼ਰਹੀਆਂ**। ਸ਼ੇਲਾਹੀਆਂ ਯਹੂਦਾਹ ਦੇ ਤੀਜੇ ਪੁੱਤ੍ਰ ਸ਼ੇਲਾਹ ਦੇ ਪੁੱਤ੍ਰ ਸਨ ਜਿਨ੍ਹਾਂ ਨੂੰ ਉਸ ਨੇ ਤਾਮਾਰ ਨੂੰ ਨਹੀਂ ਸੀ ਦਿੱਤਾ (ਉਤਪਤ 38:11)। ਪਰਸੀਆਂ ਅਤੇ ਜ਼ਰਹੀਆਂ ਪਰਸ ਅਤੇ ਜ਼ਰਹ ਦੇ ਪੁੱਤਰ ਸਨ, ਜੁੜਵਾਂ ਪੁੱਤਰ ਜਿਨ੍ਹਾਂ ਨੂੰ ਤਾਮਾਰ ਨੇ ਭਰਜਾਈ ਦੇ ਹੱਕ ਨੂੰ ਪੂਰਾ ਕਰਨ ਵਿਚ ਯਹੂਦਾਹ ਨਾਲ ਛਲ ਕਰਨ ਤੋਂ ਬਾਅਦ ਜਨਮ ਦਿੱਤਾ ਸੀ (ਉਤਪਤ 38:12-30)। ਸੂਚੀ ਵਿਚ **ਪਰਸ ਦੇ ਪੁੱਤ੍ਰਾਂ** ਦੇ ਟੱਬਰਾਂ ਦੇ ਨਾਮ ਵੀ ਦਿੱਤੇ ਗਏ ਹਨ ਜਿਹੜੇ **ਹਰਸੋਨੀਆਂ** ਅਤੇ **ਹਮੂਲੀਆਂ** ਦੇ ਟੱਬਰ ਸਨ। **ਯਹੂਦਾਹ** ਦੇ ਇਨ੍ਹਾਂ ਪੁੱਤਰਾਂ ਨੇ ਮਿਲ ਕੇ ਸਭ ਤੋਂ ਵੱਡਾ ਗੋਤ ਬਣਾਇਆ ਸੀ ਜਿਨ੍ਹਾਂ ਦੀ ਗਿਣਤੀ ਕੁੱਲ ਮਿਲਾ ਕੇ **ਛਿਹੱਤਰ ਹਜ਼ਾਰ ਪੰਜ ਸੌ** ਕੀਤੀ ਗਈ ਸੀ।

**ਆਇਤਾਂ 23-25. ਯਿੱਸਾਕਾਰ** ਦੇ ਚਾਰ ਟੱਬਰ ਦਿੱਤੇ ਗਏ ਹਨ: **ਤੋਲੀਆਂ**, **ਪੂਨੀਆਂ**, **ਯਾਸੂਬੀਆਂ** ਅਤੇ **ਸ਼ਿਮਰੋਨੀਆਂ** ਦੇ ਟੱਬਰ। ਉਨ੍ਹਾਂ ਦੇ **ਗਿਣੇ ਹੋਇਆਂ** ਅਨੁਸਾਰ ਓਹ **ਚੌਹਟ ਹਜ਼ਾਰ ਤਿੰਨ ਸੌ** ਸਨ।

**ਆਇਤਾਂ 26, 27. ਜ਼ਬੂਲੁਨ ਦੇ** ਤਿੰਨ **ਪੁੱਤ੍ਰਾਂ** ਦੇ ਟੱਬਰਾਂ ਦੇ ਨਾਮ **ਸਰਦੀਆਂ**, **ਏਲੋਨੀਆਂ** ਅਤੇ **ਯਹਲਏਲੀਆਂ** ਦੇ ਟੱਬਰਾਂ ਦੇ ਤੌਰ ਤੇ ਦਿੱਤੇ ਗਏ ਹਨ। ਗਿਣਤੀ ਵਿਚ ਇਸ ਵੰਸ਼ ਦੇ ਮੈਂਬਰਾਂ ਦੀ ਗਿਣਤੀ **ਸੱਠ ਹਜ਼ਾਰ ਪੰਜ ਸੌ** ਸੀ।

**ਆਇਤਾਂ 28-34. ਯੂਸੁਫ਼** ਦੇ ਦੋ ਪੁੱਤਰ ਸਨ, **ਮਨੱਸ਼ਹ ਅਰ ਅਫ਼ਰਾਈਮ** ਅਤੇ ਸੂਚੀ ਵਿਚ ਅਗਲਾ ਨਾਮ ਉਨ੍ਹਾਂ ਦੇ ਟੱਬਰਾਂ ਦਾ ਦਿੱਤਾ ਗਿਆ ਹੈ (26:51 ਤੇ ਟਿੱਪਣੀਆਂ ਵੇਖੋ)। ਮਨੱਸ਼ਹ ਦਾ ਪੁੱਤਰ **ਮਾਕੀਰ** ਸੀ ਜਿਹੜਾ **ਗਿਲਆਦ ਤੋਂ ਜੰਮਿਆ** ਸੀ। **ਗਿਲਆਦੀਆਂ** ਦੀ ਇਕ ਸੂਚੀ ਮੂਲ ਲਿਖਤ ਵਿਚ ਵੀ ਆਉਂਦੀ ਹੈ, ਜਿਸ ਵਿਚ **ਈਅਜ਼ਰੀਆਂ**, **ਹੇਲਕੀਆਂ**, **ਅਸਰੀਏਲੀਆਂ**, **ਸ਼ਕਮੀਆਂ**, **ਸ਼ਮੀਦਾਈਆਂ** ਅਤੇ **ਹੇਫ਼ਰੀਆਂ** ਦੇ ਟੱਬਰ ਸਨ। ਹੇਫ਼ਰੀਆਂ ਵਿਚ **ਸਲਾਫ਼ਹਾਦ** ਅਤੇ ਉਸ ਦੀਆਂ **ਧੀਆਂ** ਸਨ, ਜਿਹੜੀਆਂ ਮੁੱਖ ਤੌਰ ਤੇ 27 ਅਤੇ 36 ਅਧਿਆਵਾਂ ਵਿਚ ਆਉਂਦੀਆਂ ਹਨ। **ਮਨੱਸ਼ਹ ਦੇ ਟੱਬਰ** ਨੇ ਗਿਣਤੀ ਦੇ ਅੰਕੜਿਆਂ ਵਿਚ **ਬਵੰਜਾ ਹਜ਼ਾਰ ਸੱਤ ਸੌ** ਲੋਕ ਜੋੜੇ।

**ਆਇਤਾਂ 35-37.** ਯੂਸੁਫ਼ ਦਾ ਹੋਰ ਪੁੱਤਰ ਵੀ ਮੁੱਖ ਤੌਰ ਤੇ ਗਿਣਤੀ ਵਿਚ ਆਉਂਦਾ ਹੈ। **ਅਫ਼ਰਈਮ** ਦੇ ਪੁੱਤਰ ਸਨ ਜਿਨ੍ਹਾਂ ਦੇ ਟੱਬਰ **ਸੂਥਲਹੀਆਂ**, **ਬਕਰੀਆਂ** ਅਤੇ **ਥਹਨੀਆਂ** ਸਨ। ਫੇਰ, ਅਗਲੀ ਪੀੜ੍ਹੀ ਦਾ ਨਾਮ ਦਿੱਤਾ ਗਿਆ ਹੈ, ਕਿਉਂਕਿ **ਸੂਥਲਾਹ** ਦੇ ਪੁੱਤਰ ਨੇ **ਏਰਾਨੀਆਂ** ਨੂੰ ਜਨਮ ਦਿੱਤਾ। ਇਸ ਗੋਤ ਦੇ ਮੈਂਬਰਾਂ ਦੀ ਗਿਣਤੀ **ਉਨ੍ਹਾਂ ਦੇ ਗਿਣੇ ਹੋਇਆ ਅਨੁਸਾਰ ਬੱਤੀ ਹਜ਼ਾਰ ਪੰਜ ਸੌ** ਸੀ।

**ਆਇਤਾਂ 38-41. ਬਿਨਯਾਮੀਨ ਦੇ ਪੁੱਤ੍ਰਾਂ** ਵਿਚ **ਬਲੀਆਂ**, **ਅਸ਼ਬੇਲੀਆਂ**, **ਅਹੀਰਾਮੀਆਂ**,

**ਸ਼ੂਫ਼ਾਮੀਆਂ** ਅਤੇ **ਹੂਫ਼ਾਮੀਆਂ** ਦੇ ਟੱਬਰ ਸ਼ਾਮਲ ਸਨ। ਸਾਨੂੰ ਇਹ ਦੱਸਿਆ ਗਿਆ ਹੈ ਕਿ **ਬਲਾ ਦੇ ਪੁੱਤ੍ਰ ਅਰਦ ਅਰ ਨਆਮਾਨ** ਸਨ, ਜਿਨ੍ਹਾਂ ਦੇ ਆਪਣੇ-ਆਪਣੇ ਟੱਬਰ ਵੀ ਸਨ। ਬਿਨਯਾਮੀਨ ਦੇ ਟੱਬਰ ਵਿਚ **ਪੈਂਤਾਲੀ ਹਜ਼ਾਰ ਛੇ ਸੌ** ਮੈਂਬਰ ਸਨ।

**ਆਇਤਾਂ 42, 43. ਦਾਨ** ਇਕ ਟੱਬਰ ਦਾ ਪੂਰਵਜ ਸੀ, **ਸ਼ੂਹਾਮੀਆਂ** ਦੇ ਟੱਬਰ ਦਾ। ਇਸਰਾਏਲ ਦੀ ਕੌਮ ਵਿਚ ਉਨ੍ਹਾਂ ਦੇ ਮੈਂਬਰਾਂ ਦੀ ਗਿਣਤੀ **ਚੌਂਹਟ ਹਜ਼ਾਰ ਚਾਰ ਸੌ** ਸੀ।

**ਆਇਤਾਂ 44-47. ਆਸ਼ੇਰ** ਦੇ ਟੱਬਰ **ਯਿਮਨਾਹੀਆਂ**, **ਯਿਸ਼ਵੀਆਂ** ਅਤੇ **ਬਰੀਈਆਂ** ਨਾਲ ਮਿਲ ਕੇ ਬਣੇ ਸਨ। ਇਸ ਤੋਂ ਇਲਾਵਾ, ਸਾਨੂੰ **ਬਰੀਯਾਹ ਦੇ ਪੁੱਤ੍ਰਾਂ**, **ਹੇਬਰ** ਅਤੇ **ਮਲਕੀਏਲ**, ਨਾਲੇ **ਆਸ਼ੇਰ ਦੀ ਧੀ**, **ਸਾਰਹ** ਦੇ ਨਾਮ ਦੱਸੇ ਗਏ ਹਨ। ਇਨ੍ਹਾਂ ਸੂਚੀਆਂ ਵਿਚ ਧੀਆਂ ਦਾ ਜ਼ਿਕਰ ਇਕ ਅਸਧਾਰਣ ਗੱਲ ਹੈ। ਸਾਰਹ ਇਕ ਪ੍ਰਸਿੱਧ ਔਰਤ ਹੋਵੇਗੀ, ਕਿਉਂਕਿ ਉਸ ਦਾ ਨਾਮ ਉਤਪਤ 46:17 ਅਤੇ 1 ਇਤਹਾਸ 7:30 ਵਿਚ ਵੀ ਆਉਂਦਾ ਹੈ। ਜਿਹੜੇ ਆਸ਼ੇਰ ਦੇ ਗੋਤ ਵਿਚ ਸਨ **ਉਨ੍ਹਾਂ ਦੇ ਗਿਣੇ ਹੋਇਆ ਅਨੁਸਾਰ** ਉਹ **ਤਿਰਵੰਜਾ ਹਜ਼ਾਰ ਚਾਰ ਸੌ** ਸਨ।

**ਆਇਤਾਂ 48-50.** ਅੰਤ ਵਿਚ, **ਨਫ਼ਤਾਲੀ ਦੇ ਪੁੱਤ੍ਰਾਂ** ਦੇ ਟੱਬਰਾਂ ਦੇ ਨਾਮ ਦਿੱਤੇ ਗਏ ਹਨ: **ਯਹਸਏਲੀਆਂ**, **ਗੂਨੀਆਂ**, **ਯੇਸਰੀਆਂ** ਅਤੇ **ਸ਼ਿੱਲੇਮੀਆਂ** ਦੇ ਟੱਬਰ। ਇਨ੍ਹਾਂ ਟੱਬਰਾਂ ਦੇ ਮੈਂਬਰਾਂ ਦੀ ਕੁੱਲ ਗਿਣਤੀ **ਪੈਂਤਾਲੀ ਹਜ਼ਾਰ ਚਾਰ ਸੌ** ਸੀ।

**ਆਇਤ 51.** ਸਾਰੇ ਗੋਤਾਂ ਨੂੰ ਮਿਲਾ ਕੇ, **ਇਸਰਾਏਲੀਆਂ ਦੇ ਗਿਣੇ ਹੋਏ** ਕੁੱਲ ਮਿਲਾ ਕੇ **ਛੇ ਲੱਖ ਇੱਕ ਹਜ਼ਾਰ ਸੱਤ ਸੌ ਤੀਹ** ਸਨ।

ਅਗਲੇ ਸਫ਼ੇ ਤੇ ਦਿੱਤੀ ਸੂਚੀ ਗੋਤਾਂ ਦੇ ਨਾਮ, ਦੋਹਾਂ ਗਿਣਤੀਆਂ ਦੀ ਕੁੱਲ ਗਿਣਤੀ ਅਤੇ ਪਹਿਲੀ ਗਿਣਤੀ ਤੋਂ ਲੈ ਕੇ ਦੂਜੀ ਗਿਣਤੀ ਦੇ ਵਿਚ ਵਾਧੇ ਜਾਂ ਘਾਟੇ ਦੇ ਪ੍ਰਤੀਸ਼ਤ ਨੂੰ ਵਿਖਾਉਂਦੀ ਹੈ। ਪਹਿਲੀ ਗਿਣਤੀ ਰਿਪੋਰਟ ਵਿਚ (1:4-15), ਸਾਰੇ ਗੋਤਾਂ ਦੇ ਸਰਦਾਰਾਂ ਜਾਂ ਆਗੂਆਂ ਦੇ ਨਾਮ ਦਿੱਤੇ ਗਏ ਹਨ। ਸਪੱਸ਼ਟ ਤੌਰ ਤੇ, ਇਨ੍ਹਾਂ ਮਨੁੱਖਾਂ ਨੇ ਗਿਣਤੀ ਕਰਨ ਵਿਚ ਮੂਸਾ ਅਤੇ ਹਾਰੂਨ ਦੀ ਮਦਦ ਕੀਤੀ ਸੀ। ਦੂਜੀ ਗਿਣਤੀ ਵਿਚ ਇਨ੍ਹਾਂ ਆਗੂਆਂ ਦੇ ਨਾਮ ਨਹੀਂ ਦਿੱਤੇ ਗਏ ਹਨ ਜੋ ਇਸ ਗੱਲ ਦਾ ਸਬੂਤ ਦਿੰਦੀ ਹੈ ਕਿ ਪੁਰਾਣੀ ਪੀੜ੍ਹੀ ਮਰ ਚੁੱਕੀ ਸੀ।

ਦੋਹੇਂ ਵਿਰਤਾਂਤਾਂ ਵਿਚ ਗੋਤਾਂ ਦੇ ਨਾਮ ਇੱਕੋ ਜਿਹੀ ਤਰਤੀਬ ਵਿਚ ਦਿੱਤੇ ਗਏ ਹਨ, ਸਿਵਾਏ ਇਸ ਤੋਂ ਕਿ ਯੂਸੁਫ਼ ਦੇ ਦੋ ਪੁੱਤਰਾਂ ਨੂੰ ਉਲਟਾ ਕੀਤਾ ਗਿਆ ਹੈ। ਜਦ ਕਿ ਅਧਿਆਇ 1 ਵਿਚ ਮਨੱਸ਼ਹ ਤੋਂ ਪਹਿਲਾਂ ਅਫ਼ਰਈਮ ਆਉਂਦਾ ਹੈ, ਅਧਿਆਇ 26 ਵਿਚ ਅਫ਼ਰਈਮ ਤੋਂ ਪਹਿਲਾਂ ਮਨੱਸ਼ਹ ਆਉਂਦਾ ਹੈ। ਮਨੱਸ਼ਹ ਵੱਡਾ ਪੁੱਤਰ ਸੀ, ਪਰ ਯਾਕੂਬ ਨੇ ਅਫ਼ਰਈਮ ਨੂੰ ਵੱਡੀ ਬਰਕਤ ਦਿੱਤੀ ਸੀ (ਉਤਪਤ 48:8-22)।

***ਗਿਣਤੀ ਦੀ ਕੁੱਲ ਗਿਣਤੀ ਪਰਮੇਸ਼ੁਰ ਦੇ ਆਪਣੀ ਪਰਜਾ ਨੂੰ ਬਰਕਤ ਦਿੰਦਿਆਂ ਦਰਸਾਉਂਦੀ ਹੈ***[1]

| *ਗੋਤ* | *ਪਹਿਲੀ ਗਿਣਤੀ* | *ਦੂਜੀ ਗਿਣਤੀ* | *%ਬਦਲਾਅ* |
|---|---|---|---|
| ਰਊਬੇਨ | 46,500 | 43,730 | - 6.0 |
| ਸ਼ਿਮਓਨ | 59,300 | 22,200 | - 62.6 |
| ਗਾਦ | 45,650 | 40,500 | - 11.3 |
| ਯਹੂਦਾਹ | 74,600 | 76,500 | + 2.6 |
| ਯਿੱਸਾਕਾਰ | 54,400 | 64,300 | +18.2 |
| ਜ਼ਬੂਲੁਨ | 57,400 | 60,500 | + 5.4 |
| ਇਫ਼ਰਾਈਮ | 40,500 | 32,500 | - 19.8 |
| ਮਨੱਸ਼ਹ | 32,200 | 52,700 | +63.7 |
| ਬਿਨਯਾਮੀਨ | 35,400 | 45,600 | +28.8 |
| ਦਾਨ | 62,700 | 64,400 | + 2.7 |
| ਆਸ਼ੇਰ | 41,500 | 53,400 | +28.7 |
| ਨਫ਼ਤਾਲੀ | 53,400 | 45,400 | - 15.0 |
| ਕੁੱਲ | 603,550 | 601,730 | - 0.3 |

ਹਰ ਗੋਤ ਦੀ ਗਿਣਤੀ - ਕਈ ਵਾਰ ਕਾਫੀ - ਇਕ ਗਿਣਤੀ ਤੋਂ ਅਗਲੀ ਗਿਣਤੀ ਅਲੱਗ-ਅਲੱਗ ਹੁੰਦੀ ਹੈ, ਪਰ ਕੁੱਲ ਗਿਣਤੀ ਬਹੁਤ ਹੀ ਘੱਟ ਬਦਲਦੀ ਹੈ। ਇਹ ਕਲਪਨਾ ਕੀਤੀ ਗਈ ਹੈ ਕਿ ਰਊਬੇਨ ਅਤੇ ਸ਼ਿਮਓਨ ਦੇ ਗੋਤਾਂ ਦੀ ਗਿਣਤੀ ਵਿਚ ਘਾਟੇ ਦੇ ਲਈ ਰਊਬੇਨੀ ਦਾਥਾਨ ਅਤੇ ਅਬੀਰਾਮ ਦੇ ਵਿਦਰੋਹ (ਅਧਿਆਇ 16; 17) ਅਤੇ ਸ਼ਿਮਓਨੀ ਜ਼ਿਮਰੀ ਦੇ ਜ਼ਬਰਦਸਤ ਪਾਪ (ਅਧਿਆਇ 25) ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ।

## ਗਿਣਤੀ ਦਾ ਕਾਰਣ (26:52-56)

**52ਤਦ ਯਹੋਵਾਹ ਮੂਸਾ ਨੂੰ ਬੋਲਿਆ, 53ਇਨ੍ਹਾਂ ਦੀ ਮਿਲਖ ਲਈ ਧਰਤੀ ਇਨ੍ਹਾਂ ਦੇ ਨਾਮਾਂ**
**ਦੇ ਲੇਖੇ ਅਨੁਸਾਰ ਵੰਡੀ ਜਾਵੇ। 54ਬਹੁਤਿਆਂ ਲਈ ਤੂੰ ਵੱਡੀ ਮਿਲਖ ਦੇਈਂ ਅਤੇ ਥੋੜ੍ਹਿਆਂ ਲਈ**
**ਛੋਟੀ ਮਿਲਖ ਦੇਈਂ। ਹਰ ਇੱਕ ਨੂੰ ਆਪਣੀ ਗਿਣਤੀ ਅਨੁਸਾਰ ਮਿਲਖ ਦਿੱਤੀ ਜਾਵੇ। 55ਤਾਂ**
**ਵੀ ਗੁਣੇ ਪਾ ਕੇ ਧਰਤੀ ਵੰਡੀ ਜਾਵੇ। ਉਨ੍ਹਾਂ ਦੇ ਪਿਉ ਦਾਦਿਆਂ ਦਿਆਂ ਗੋਤਾਂ ਦੇ ਨਾਮਾਂ**
**ਅਨੁਸਾਰ ਓਹ ਮਿਲਖ ਲੈਣ। 56ਗੁਣੇ ਪਾਉਣ ਨਾਲ ਮਿਲਖ ਬਹੁਤਿਆਂ ਅਰ ਥੋੜ੍ਹਿਆਂ ਵਿੱਚ**
**ਵੰਡੀ ਜਾਵੇ।**

**ਆਇਤਾਂ 52, 53.** ਜਦ ਕਿ ਇਹ ਗਿਣਤੀ ਉਨ੍ਹਾਂ ਦੀ ਗਿਣਤੀ ਦਿੰਦੀ ਸੀ ਜਿਨ੍ਹਾਂ ਦਾ "ਖਰੜੇ ਲਈ ਯੋਗ" ਵਜੋਂ ਹਵਾਲਾ ਦਿੱਤਾ ਜਾ ਸਕਦਾ ਹੈ - ਅਰਥਾਤ, ਜਿਹੜੇ ਕਨਾਨ ਵਿਚ ਜੁੱਧ ਕਰਨ ਜੋਗ ਸਨ (26:2; ਵੇਖੋ 1:2, 3) - ਇਸ ਗਿਣਤੀ ਦਾ ਇਕ ਹੋਰ ਕਾਰਣ ਇਸ ਭਾਗ ਵਿਚ ਸਮਝਾਇਆ ਗਿਆ ਹੈ। ਦੂਜੀ ਗਿਣਤੀ ਵਿਚ ਜੋ ਗਿਣਤੀ ਹੋਈ ਸੀ ਉਸ ਨੂੰ ਇਹ ਤੈਅ ਕਰਨ ਦੇ ਲਈ ਵੀ ਵਰਤਿਆ ਜਾਣਾ ਸੀ ਕਿ **ਧਰਤੀ** ਨੂੰ ਕਿਵੇਂ ਇਸਰਾਏਲੀਆਂ ਵਿਚ **ਮਿਲਖ ਵੰਡਣ** ਦੇ ਲਈ ਵਰਤਿਆ ਜਾਣਾ ਸੀ।

**ਆਇਤ 54.** ਧਰਤੀ ਦੀ ਵੰਡ ਲੋਕਾਂ ਦੇ ਹਰ ਇੱਕ **ਸਮੂਹ** ਦੀ **ਗਿਣਤੀ** ਅਨੁਸਾਰ **ਵੱਡੀ**

ਅਤੇ **ਛੋਟੀ** ਹੋਣੀ ਸੀ। **ਵੱਡੇ** ਗੋਤਾਂ ਨੂੰ ਧਰਤੀ ਦੀ ਵੱਡੀ ਮਿਲਖ ਦਿੱਤੀ ਜਾਣੀ ਸੀ ਅਤੇ **ਛੋਟੇ** ਗੋਤਾਂ ਨੂੰ ਛੋਟੀ ਮਿਲਖ ਦਿੱਤੀ ਜਾਣੀ ਸੀ।

**ਆਇਤ 55.** ਗੋਤਾਂ ਵਿਚ ਧਰਤੀ ਦੀ ਵੰਡ ਕਿਵੇਂ ਕੀਤੀ ਜਾਣੀ ਸੀ ਇਸ ਦੇ ਸੰਬੰਧ ਵਿਚ ਵਧੇਰੇ ਜਾਣਕਾਰੀ ਦਿੱਤੀ ਗਈ ਹੈ। ਯਹੋਵਾਹ ਨੇ ਆਖਿਆ, **ਗੁਣੇ ਪਾ ਕੇ ਧਰਤੀ ਵੰਡੀ ਜਾਵੇ। ਪਿਉ ਦਾਦਿਆਂ ਦਿਆਂ ਗੋਤਾਂ ਦੇ ਨਾਮਾਂ ਅਨੁਸਾਰ ਮਿਲਖ** ਵੰਡੀ ਜਾਣੀ ਸੀ।

**ਆਇਤ 56. ਗੁਣੇ ਪਾਉਣ ਨਾਲ** ਇਹ ਨਿਰਧਾਰਤ ਕੀਤਾ ਜਾਣਾ ਸੀ ਕਿ ਕਿਵੇਂ ਮਿਲਖ **ਬਹੁਤਿਆਂ ਅਰ ਥੋੜਿਆਂ ਵਿੱਚ ਵੰਡੀ ਜਾਣੀ** ਸੀ। ਬਾਈਬਲ ਦੇ ਸਮਿਆਂ ਵਿਚ "ਗੁਣੇ ਪਾਉਣਾ" ਕੁਝ ਇਸ ਤਰ੍ਹਾਂ ਸੀ ਜਿਵੇਂ ਕਿ ਅੱਜ ਦੇ ਸਮੇਂ ਵਿਚ ਟੋਪ ਵਿੱਚੋਂ ਕਿਸੇ ਨਾਮ ਦੀ ਸੂਚੀ ਕੱਢੀ ਜਾਂਦੀ ਹੈ, ਇਕ ਸਿੱਕਾ ਉਛਾਲਿਆ ਜਾਂਦਾ ਹੈ ਜਾਂ ਕੋਈ ਪਰਚੀ ਚੁੱਕੀ ਜਾਂਦੀ ਹੈ। ਅਸੀਂ ਕਹਾਂਗੇ ਕਿ ਅਜਿਹੀ ਕਿਸੇ ਵੀ ਪ੍ਰਕਿਰਿਆ ਦਾ ਨਤੀਜਾ ਸੰਜੋਗ ਨਾ ਨਿਰਧਾਰਤ ਕੀਤਾ ਜਾਂਦਾ ਹੈ। ਇਸਰਾਏਲੀਆਂ ਦੇ ਲਈ, ਨਤੀਜਾ ਪਰਮੇਸ਼ੁਰ ਦੁਆਰਾ ਨਿਰਧਾਰਤ ਕੀਤਾ ਗਿਆ ਸੀ (ਵੇਖੋ ਲੇਵੀਆਂ 16:7-10; ਯਹੋਸ਼ੁਆ 7:14; 1 ਸਮੂਏਲ 14:42; 10:20, 21; 1 ਇਤਹਾਸ 24:5; 25:8)। ਇਸਰਾਏਲੀਆਂ ਦੁਆਰਾ ਗੁਣੇ ਪਾਉਣ ਨੂੰ "ਆਮ ਤੌਰ ਤੇ ਪਰਮੇਸ਼ੁਰ ਦੀ ਇੱਛਾ ਨੂੰ ਜਾਣਨ ਦਾ ਇਕ ਯਕੀਨੀ ਤਰੀਕਾ ਸਮਝਿਆ ਜਾਂਦਾ ਸੀ (ਕਹਾਉਤਾਂ 16:33; 18:18)।"[2] ਵਿਚਾਰ ਇਹ ਪ੍ਰਤੀਤ ਹੁੰਦਾ ਹੈ ਕਿ ਧਰਤੀ ਨੂੰ ਵੱਡੇ ਅਤੇ ਛੋਟੇ ਇਲਾਕਿਆਂ ਵਿਚ ਵੰਡਿਆ ਜਾਵੇਗਾ ਅਤੇ "ਵੱਡੇ" ਅਤੇ "ਛੋਟੇ" ਗੋਤਾਂ ਵਿਚ ਵੰਡਿਆ ਜਾਵੇਗਾ। ਉਸ ਧਰਤੀ ਨੂੰ ਵੰਡਣ ਦੇ ਲਈ ਇਕ ਉਚਿਤ ਤਰੀਕੇ ਬਾਰੇ ਸੋਚਣਾ ਮੁਸ਼ਕਲ ਹੋਵੇਗਾ ਜਿਸ ਤੇ ਇਸਰਾਏਲੀ ਛੇਤੀ ਕਬਜ਼ਾ ਕਰਨ ਵਾਲੇ ਸਨ।

ਇਨ੍ਹਾਂ ਹਦਾਇਤਾਂ ਨੇ ਇਸਰਾਏਲੀਆਂ ਨੂੰ ਪ੍ਰੇਰਣਾ ਦਿੱਤੀ ਹੋਵੇਗੀ ਜਿਨ੍ਹਾਂ ਨੇ ਯਰਦਨ ਦੇ ਕੋਲ ਡੇਰਾ ਲਾਇਆ ਸੀ। ਇਹ ਹਦਾਇਤਾਂ ਇਸ ਗੱਲ ਦਾ ਵਾਧੂ ਭਰੋਸਾ ਦਿੰਦੀਆਂ ਸਨ ਕਿ ਇਸਰਾਏਲੀ, ਅਸਲ ਵਿਚ, ਪਾਰ ਲੰਘਣਗੇ ਅਤੇ ਉਸ ਦੇਸ ਤੇ ਕਬਜ਼ਾ ਕਰਨਗੇ ਜਿਸ ਦਾ ਵਾਅਦਾ ਪਰਮੇਸ਼ੁਰ ਨੇ ਉਨ੍ਹਾਂ ਨੂੰ ਦਿੱਤਾ ਸੀ।

## ਲੇਵੀਆਂ ਦੀ ਗਿਣਤੀ (26:57-62)

**57ਏਹ ਲੇਵੀ ਦੇ ਗਿਣੇ ਹੋਏ ਆਪਣਿਆਂ ਟੱਬਰਾਂ ਅਨੁਸਾਰ ਹਨ, - ਗੇਰਸ਼ੋਨ ਤੋਂ ਗੇਰਸ਼ੋਨੀਆਂ ਦਾ ਟੱਬਰ, ਕਹਾਥ ਤੋਂ ਕਹਾਥੀਆਂ ਦਾ ਟੱਬਰ, ਮਰਾਰੀ ਤੋਂ ਮਰਾਰੀਆਂ ਦਾ ਟੱਬਰ। 58ਏਹ ਲੇਵੀ ਦੇ ਟੱਬਰ ਹਨ, - ਲਿਬਨੀ ਦਾ ਟੱਬਰ, ਹਬਰੋਨੀ ਦਾ ਟੱਬਰ, ਮਹਲੀ ਦਾ ਟੱਬਰ, ਮੂਸ਼ੀ ਦਾ ਟੱਬਰ, ਕਾਰਹੀ ਦਾ ਟੱਬਰ ਅਤੇ ਕਹਾਥ ਤੋਂ ਅਮਰਾਮ ਜੰਮਿਆ। 59ਅਤੇ ਅਮਰਾਮ ਦੀ ਤੀਵੀਂ ਦਾ ਨਾਉਂ ਯੋਕਬਦ ਸੀ ਅਰ ਓਹ ਲੇਵੀ ਦੀ ਧੀ ਸੀ ਜਿਹੜੀ ਲੇਵੀ ਲਈ ਮਿਸਰ ਵਿੱਚ ਜਨਮੀ ਅਤੇ ਉਹ ਅਮਰਾਮ ਲਈ ਹਾਰੂਨ ਅਰ ਮੂਸਾ ਅਰ ਉਨ੍ਹਾਂ ਦੀ ਭੈਣ ਮਿਰਯਮ ਨੂੰ ਜਣੀ। 60ਅਤੇ ਹਾਰੂਨ ਲਈ ਨਾਦਾਬ ਅਰ ਅਬੀਹੂ ਅਰ ਅਲਆਜ਼ਾਰ ਅਰ ਈਥਾਮਾਰ ਜੰਮੇ। 61ਅਤੇ ਨਾਦਾਬ ਅਰ ਅਬੀਹੂ ਮਰ ਗਏ ਜਦ ਓਹ ਓਪਰੀ ਅੱਗ ਯਹੋਵਾਹ ਦੇ ਸਨਮੁਖ ਲਿਆਏ। 62ਅਤੇ ਉਨ੍ਹਾਂ ਦੇ ਗਿਣੇ ਹੋਏ ਅਰਥਾਤ ਸਾਰੇ ਨਰ ਇੱਕ ਮਹੀਨੇ ਦੇ ਅਤੇ ਉੱਪਰ ਦੇ ਤੇਈ ਹਜ਼ਾਰ ਸਨ। ਓਹ ਇਸਰਾਏਲੀਆਂ ਵਿੱਚ ਏਸ ਲਈ ਨਹੀਂ ਗਿਣੇ ਗਏ ਕਿ ਉਨ੍ਹਾਂ ਨੂੰ ਇਸਰਾਏਲੀਆਂ ਵਿੱਚ ਕੋਈ ਮਿਲਖ ਨਹੀਂ ਦਿੱਤੀ ਗਈ।**

**ਆਇਤ 57.** ਇਹ ਅਧਿਆਏ ਅੱਗੇ **ਲੇਵੀਆਂ** ਦੀਆਂ ਤਿੰਨ ਮੁੱਢਲੀਆਂ-ਵੰਡਾਂ ਦੀ ਗਿਣਤੀ

ਬਾਰੇ ਦੱਸਦਾ ਹੈ: **ਗੇਰਸ਼ੋਨੀਆਂ**, **ਕਹਾਥੀਆਂ** ਅਤੇ **ਮਰਾਰੀਆਂ** ਦੇ ਟੱਬਰ (ਵੇਖੋ ਅਧਿਆਇ 4)। ਜਦੋਂ ਪਹਿਲੀ ਗਿਣਤੀ ਕੀਤੀ ਗਈ ਸੀ, ਲੇਵੀਆਂ ਨੂੰ ਸ਼ਾਮਲ ਨਹੀਂ ਸੀ ਕੀਤਾ ਗਿਆ (1:47-54), ਹਾਲਾਂਕਿ ਬਾਅਦ ਵਿਚ ਉਨ੍ਹਾਂ ਨੂੰ ਇਕ ਵੱਖਰੀ ਗਿਣਤੀ ਵਿਚ ਗਿਣਿਆ ਗਿਆ ਸੀ (3:14-39)। ਪਰ, ਗਿਣਤੀ 26 ਵਿਚ, ਜਦ ਕਿ ਉਨ੍ਹਾਂ ਦੀ ਗਿਣਤੀ ਵੱਖਰੀ ਕੀਤੀ ਗਈ ਸੀ, ਉਸ ਦੀ ਰਿਪੋਰਟ ਉਸੇ ਸੰਦਰਭ ਵਿਚ ਦਿੱਤੀ ਗਈ ਸੀ ਜਿਸ ਸੰਦਰਭ ਵਿਚ ਬਾਕੀ ਇਸਰਾਏਲੀਆਂ ਦੀ ਦਿੱਤੀ ਗਈ ਸੀ।

**ਆਇਤ 58.** ਪਹਿਲੀ ਵੰਸ਼ਾਵਲੀ ਨੂੰ ਇੱਥੇ ਸ਼ਾਮਲ ਕੀਤਾ ਗਿਆ ਹੈ, ਜਿਸ ਵਿਚ ਮੂਸਾ ਅਤੇ ਹਾਰੂਨ ਦੇ ਪਿਉ ਦਾਦੇ, ਉਨ੍ਹਾਂ ਦੀ ਮਾਤਾ ਅਤੇ ਲੇਵੀ ਦੇ ਹੋਰ ਵੰਸ਼ ਹਨ। ਟੱਬਰਾਂ ਵਿੱਚੋਂ ਇਕ ਟੱਬਰ, **ਲਿਬਨੀ** ਦਾ ਟੱਬਰ, ਲਿਬਨੀ ਦੀ ਸੰਤਾਨ ਸੀ, ਗੇਰਸ਼ੋਨ ਦਾ ਇਕ ਪੁੱਤਰ ਅਤੇ **ਹਬਰੋਨੀ** ਦਾ ਟੱਬਰ ਹਬਰੋਨੀ ਦੀ ਸੰਤਾਨ ਸੀ ਜੋ ਕਿ ਕਹਾਥ ਦੇ ਪੁੱਤਰਾਂ ਵਿੱਚੋਂ ਇਕ ਸੀ। **ਮਹਲੀ** ਅਤੇ **ਮੂਸ਼ੀ** ਦੇ ਟੱਬਰ ਮਹਲੀ ਅਤੇ ਮੂਸ਼ੀ ਦੀ ਸੰਤਾਨ ਸਨ ਜੋ ਕਿ ਮਰਾਰੀ ਦੇ ਦੋ ਪੁੱਤਰ ਸਨ। **ਕਾਰਹੀ** ਦਾ ਟੱਬਰ ਕੋਰਹ ਦੇ ਵੰਸ਼ ਦਾ ਸੀ, ਯਿਸਹਾਰ ਦੇ ਪੁੱਤਰਾਂ ਵਿੱਚੋਂ ਇਕ, **ਕਹਾਥ** ਦਾ ਇਕ ਪੁੱਤਰ (ਕੂਚ 6:16-21; ਗਿਣਤੀ 3:18-20)।

**ਆਇਤ 59.** ਮੂਸਾ ਅਤੇ ਹਾਰੂਨ ਦੇ ਤਤਕਾਲੀਨ ਪਰਿਵਾਰ ਦਾ ਨਾਮ ਦਿੱਤਾ ਗਿਆ ਹੈ: **ਅਮਰਾਮ** ਅਤੇ **ਯੋਕਬਦ**, ਉਨ੍ਹਾਂ ਦੇ ਮਾਤਾ-ਪਿਤਾ, **ਉਨ੍ਹਾਂ ਦੀ ਭੈਣ ਮਿਰਯਮ** ਨਾਲ। ਇਹ ਦੱਸਿਆ ਗਿਆ ਹੈ ਯੋਕਬਦ **ਲੇਵੀ ਦੀ ਧੀ** ਸੀ ਅਤੇ **ਮਿਸਰ ਵਿੱਚ ਜਨਮੀ** ਸੀ (ਵੇਖੋ ਕੂਚ 2:1; 6:20)।

**ਆਇਤਾਂ 60, 61.** ਮੂਲ ਲਿਖਤ ਹਾਰੂਨ ਦੇ ਪੁੱਤਰਾਂ ਦੇ ਨਾਮ ਦੱਸਦੀ ਹੈ, **ਨਾਦਾਬ ਅਰ ਅਬੀਹੂ** ਅਤੇ ਉਨ੍ਹਾਂ ਦੇ ਦੁਖਦਾਈ ਅੰਤ ਦੀ ਗੱਲ ਕਰਦੀ ਹੈ। ਉਨ੍ਹਾਂ ਨੂੰ ਮਾਰ ਦਿੱਤਾ ਗਿਆ ਕਿਉਂਕਿ ਜਾਜਕਾਂ ਦੇ ਤੌਰ ਤੇ ਉਹ **ਓਪਰੀ ਅੱਗ ਯਹੋਵਾਹ ਦੇ ਸਨਮੁਖ ਲਿਆਏ** (ਲੇਵੀਆਂ 10:1, 2)।

**ਆਇਤ 62.** ਗਿਣਤੀ ਦੇ ਨਤੀਜੇ ਦਿੱਤੇ ਗਏ ਹਨ। ਲੇਵੀਆਂ ਦੇ **ਨਰ ਇੱਕ ਮਹੀਨੇ ਦੇ ਅਤੇ ਉੱਪਰ ਦੇ ਗਿਣੇ** ਗਏ ਸਨ। ਹਾਲਾਂਕਿ ਲੇਵੀਆਂ ਦੀ ਗਿਣਤੀ ਕੀਤੀ ਗਈ ਸੀ, ਉਨ੍ਹਾਂ ਨਾਲ ਦੂਜੇ ਗੋਤਾਂ ਨਾਲੋਂ ਵੱਖਰਾ ਵਿਹਾਰ ਕੀਤਾ ਗਿਆ ਸੀ। ਉਨ੍ਹਾਂ ਨੂੰ ਧਰਤੀ ਦਾ ਕੋਈ ਹਿੱਸਾ ਨਹੀਂ ਸੀ ਮਿਲਣਾ ਜਿਵੇਂ ਕਿ ਬਾਕੀ ਇਸਰਾਏਲੀਆਂ ਨੂੰ ਮਿਲਿਆ ਸੀ (18:20)। ਇਸ ਦੀ ਬਜਾਇ, ਉਨ੍ਹਾਂ ਦੀ ਉਨ੍ਹਾਂ ਦਸਵੰਧਾਂ ਅਤੇ ਦਾਤਾਂ ਨਾਲ ਸਹਾਇਤਾ ਕੀਤੀ ਜਾਣੀ ਸੀ ਜੋ ਇਸਰਾਏਲੀਆਂ ਦੁਆਰਾ ਪਰਮੇਸ਼ੁਰ ਨੂੰ ਦਿੱਤੀਆਂ ਗਈਆਂ ਸਨ। ਦੂਜੀ ਗਿਣਤੀ ਵਿਚ, ਪਹਿਲੀ ਗਿਣਤੀ ਦੇ ਮੁਕਾਬਲੇ ਜਿਸ ਵਿਚ ਲੇਵੀਆਂ ਦੀ ਗਿਣਤੀ ਬਾਈ ਹਜ਼ਾਰ ਕੀਤੀ ਗਈ ਸੀ ਗਿਣੇ ਹੋਏ **ਤੇਈ ਹਜ਼ਾਰ** ਸਨ (3:39)। ਬਾਈਬਲ ਦੀ ਮੂਲ ਲਿਖਤ ਇਸ ਵਾਧੇ ਨੂੰ ਕਿਸੇ ਮਹੱਤਵ ਨਾਲ ਜੋੜ ਕੇ ਨਹੀਂ ਵੇਖਦੀ।

## ਪਰਮੇਸ਼ੁਰ ਆਪਣੇ ਵਾਅਦਿਆਂ ਨੂੰ ਪੂਰਾ ਕਰਦਾ ਹੈ (26:63-65)

**63ਏਹ ਓਹ ਹਨ ਜਿਹੜੇ ਮੂਸਾ ਅਰ ਅਲਆਜ਼ਾਰ ਜਾਜਕ ਤੋਂ ਗਿਣੇ ਗਏ, ਜਿਨ੍ਹਾਂ ਨੇ
ਇਸਰਾਏਲੀਆਂ ਨੂੰ ਮੋਆਬ ਦੇ ਮਦਾਨ ਵਿੱਚ ਯਰਦਨ ਉੱਤੇ ਯਰੀਹੋ ਕੋਲ ਗਿਣਿਆ। 64ਪਰ
ਇਨ੍ਹਾਂ ਵਿੱਚ ਉਨ੍ਹਾਂ ਗਿਣਿਆਂ ਹੋਇਆਂ ਇਸਰਾਏਲੀਆਂ ਵਿੱਚੋਂ ਜਿਨ੍ਹਾਂ ਨੂੰ ਮੂਸਾ ਅਰ ਹਾਰੂਨ ਨੇ
ਸੀਨਈ ਦੀ ਉਜਾੜ ਵਿੱਚ ਗਿਣਿਆ ਸੀ ਇੱਕ ਵੀ ਮਨੁੱਖ ਨਹੀਂ ਸੀ। 65ਕਿਉਂ ਜੋ ਯਹੋਵਾਹ ਨੇ
ਉਨ੍ਹਾਂ ਦੇ ਵਿਖੇ ਆਖਿਆ ਸੀ ਕਿ ਓਹ ਉਜਾੜ ਵਿੱਚ ਜਰੂਰ ਹੀ ਮਰ ਜਾਣਗੇ। ਸੋ ਨੂਨ ਦੇ**

**ਪੁੱਤ੍ਰ ਯਹੋਸ਼ੁਆ ਅਰ ਯਫ਼ੁੰਨਹ ਦੇ ਪੁੱਤ੍ਰ ਕਾਲੇਬ ਨੂੰ ਛੱਡ ਕੇ ਉਨ੍ਹਾਂ ਵਿੱਚੋਂ ਇੱਕ ਮਨੁੱਖ ਵੀ ਬਚਿਆ ਨਾ ਰਿਹਾ।**

**ਆਇਤਾਂ 63-65.** ਅਧਿਆਇ 26 ਗਿਣਤੀ ਦੇ ਮਹੱਤਵ ਬਾਰੇ ਦੱਸਦਿਆਂ ਇਕ ਕਥਨ ਦੇ ਨਾਲ ਖਤਮ ਹੁੰਦਾ ਹੈ। ਇਹ ਐਲਾਨ ਕਰਨ ਤੋਂ ਬਾਅਦ ਕਿ **ਮੂਸਾ ਅਰ ਅਲਆਜ਼ਾਰ ਜਿਨ੍ਹਾਂ ਨੇ ਇਸਰਾਏਲੀਆਂ ਨੂੰ ਮੋਆਬ ਦੇ ਮਦਾਨ ਵਿੱਚ ਯਰਦਨ ਉੱਤੇ ਯਰੀਹੋ ਕੋਲ ਗਿਣਿਆ** ਸੀ, ਹਵਾਲਾ ਇਹ ਜ਼ੋਰ ਦਿੰਦਾ ਹੈ ਕਿ ਜਿਨ੍ਹਾਂ ਨੂੰ ਗਿਣਿਆ ਗਿਆ ਸੀ ਉਨ੍ਹਾਂ ਵਿਚ ਇਕ ਮਨੁੱਖ ਨੂੰ ਸ਼ਾਮਲ ਨਹੀਂ ਸੀ ਕੀਤਾ ਗਿਆ ਜਿਸ ਨੂੰ ਪਹਿਲੀ ਗਿਣਤੀ ਵਿਚ ਗਿਣਿਆ ਗਿਆ ਸੀ, **ਕਾਲੇਬ** ਅਤੇ **ਯਹੋਸ਼ੁਆ** ਨੂੰ **ਛੱਡ ਕੇ**।

ਮੂਸਾ ਇਸ ਸਮੇਂ ਹਾਲੇ ਜਿੰਦਾ ਸੀ। ਉਸ ਦੀ ਮੌਜੂਦਗੀ ਨੂੰ ਇਸ ਕਥਨ ਦੇ ਲਈ ਕਿ ਇਕ ਸਪੱਸ਼ਟ ਅਪਵਾਦ ਦੇ ਰੂਪ ਵਿਚ ਸਮਝਿਆ ਜਾ ਸਕਦਾ ਹੈ ਕਿ ਪੁਰਾਣੀ ਪੀੜ੍ਹੀ ਮਰ ਚੁੱਕੀ ਸੀ (ਦੋ ਮਨੁੱਖਾਂ ਨੂੰ ਛੱਡ ਕੇ) ਇਸ ਲਈ ਲੇਖਕ ਨੇ ਉਸ ਦਾ ਜ਼ਿਕਰ ਕਰਨ ਦੀ ਕੋਈ ਲੋੜ ਨਹੀਂ ਸਮਝੀ। ਪਰ, ਕਿਉਂਕਿ ਮੂਸਾ ਇਕ ਲੇਵੀ ਸੀ, ਉਹ ਸੀਨਈ ਦੀ ਉਜਾੜ ਵਿੱਚ ਗਿਣੇ ਗਏ 603,550 ਵਿਚ ਨਹੀਂ ਸੀ। ਇਸ ਲਈ, 26:64, 65 ਵਿਚ ਕਥਨ ਦੇ ਲਈ ਉਹ ਸੱਚਮੁੱਚ ਇਕ ਅਪਵਾਦ ਨਹੀਂ ਸੀ।

ਪਰਮੇਸ਼ੁਰ ਨੇ ਉਹੀ ਕੀਤਾ ਜੋ ਉਸ ਨੇ ਕਰਨ ਦਾ ਵਾਅਦਾ ਕੀਤਾ ਸੀ: ਉਹ ਆਪਣੀ ਪਰਜਾ ਨੂੰ, ਪਾਪੀ ਪੀੜ੍ਹੀ ਦੇ ਨਿਆਣਿਆਂ ਨੂੰ ਵਾਅਦੇ ਦੇ ਦੇਸ ਵਿਚ ਲੈ ਕੇ ਆਇਆ ਸੀ ਅਤੇ ਉਸ ਨੇ ਸਾਰੇ ਵਿਦਰੋਹੀਆਂ ਨੂੰ **ਉਜਾੜ ਵਿੱਚ** ਮਰਨ ਦਿੱਤਾ ਸੀ। ਦੋ ਮਹਾਨ ਸੱਚਾਈਆਂ ਇਸਰਾਏਲ ਦੇ ਲਈ ਸਪੱਸ਼ਟ ਹੋਣਗੀਆਂ ਅਤੇ ਸਾਡੇ ਲਈ ਵੀ ਸਪੱਸ਼ਟ ਹੋਣੀਆਂ ਚਾਹੀਦੀਆਂ ਹਨ: ਪਰਮੇਸ਼ੁਰ ਆਪਣੇ ਵਾਅਦਿਆਂ ਨੂੰ ਪੂਰਾ ਕਰਦਾ ਹੈ ਅਤੇ ਮਨੁੱਖ ਮਾਫ਼ੀ ਨਾਲ ਪਰਮੇਸ਼ੁਰ ਦੇ ਵਿਰੁੱਧ ਵਿਦਰੋਹ ਨਹੀਂ ਕਰ ਸਕਦਾ।

# ਪ੍ਰਾਸੰਗਿਕਤਾ

### ਪਾਪੀ ਅਤੇ ਉਨ੍ਹਾਂ ਦੇ ਟੱਬਰ (ਅਧਿਆਇ 26)

ਜਦੋਂ ਕੋਰਹ, ਦਾਥਾਨ ਅਤੇ ਅਬੀਰਾਮ ਨੇ ਪਰਮੇਸ਼ੁਰ ਦੁਆਰਾ ਨਿਯੁਕਤ ਕੀਤੇ ਗਏ ਆਗੂਆਂ ਦੇ ਇਖ਼ਤਿਆਰ ਦੇ ਵਿਰੁੱਧ ਵਿਦਰੋਹ ਕੀਤਾ (ਅਧਿਆਇ 16) ਦਾਥਾਨ ਅਤੇ ਅਬੀਰਾਮ ਦੇ ਬੱਚੇ ਨਾਸ ਹੋ ਗਏ। ਪਰਮੇਸ਼ੁਰ ਨੇ ਧਰਤੀ ਦਾ ਮੂੰਹ ਖੋਲ੍ਹ ਦਿੱਤਾ ਅਤੇ ਧਰਤੀ ਨੇ ਉਨ੍ਹਾਂ ਦੇ ਟੱਬਰਾਂ ਨੂੰ ਭੱਖ ਲਿਆ (16:23-33; ਵੇਖੋ 26:9, 10)। ਪਰ, ਅਸੀਂ ਪੜ੍ਹਦੇ ਹਾਂ ਕਿ "ਕੋਰਹ ਦੇ ਪੁੱਤ੍ਰ ਨਹੀਂ ਮਰੇ" (26:11)। ਕਿਉਂ? ਕੋਈ ਨਹੀਂ ਜਾਣਦਾ। ਸ਼ਾਇਦ ਦਾਥਾਨ ਅਤੇ ਅਬੀਰਾਮ ਦੇ ਟੱਬਰਾਂ ਨੇ ਦੋ ਵਿਦਰੋਹੀਆਂ ਨਾਲ ਮਿਲ ਕੇ ਮੂਸਾ ਅਤੇ ਹਾਰੂਨ ਦੇ ਇਖ਼ਤਿਆਰ ਨੂੰ ਪਲਟਣ ਦੀ ਸਾਜਿਸ਼ ਰਚੀ ਸੀ, ਜਦ ਕਿ ਕੋਰਹ ਦੇ ਪੁੱਤ੍ਰ ਉਨ੍ਹਾਂ ਦੇ ਪਿਤਾ ਦੇ ਵਿਦਰੋਹ ਵਿਚ ਸ਼ਾਮਲ ਨਹੀਂ ਸੀ ਹੋਏ।

ਇਹ ਤੱਥ ਕਿ ਕੋਰਹ ਦੇ ਪੁੱਤ੍ਰ ਜੀਉਂਦੇ ਰਹੇ ਇਸ ਗੱਲ ਦਾ ਉਦਾਹਰਣ ਦਿੰਦਾ ਹੈ ਕਿ ਪੁਰਾਣੇ ਨੇਮ ਦੇ ਸਮਿਆਂ ਵਿਚ "ਪਿਉ ਦਾਦਿਆਂ ਦੀ ਬੁਰਿਆਈ" ਹਮੇਸ਼ਾ ਉਨ੍ਹਾਂ ਦੇ ਬੱਚਿਆਂ ਉੱਤੇ ਨਹੀਂ ਸੀ ਪੈਂਦੀ (ਵੇਖੋ ਕੂਚ 20:5)। ਕੋਰਹ ਦੇ ਪੁੱਤਰ ਡੇਰੇ ਵਿਚ ਵਜੰਤਰੀ ਬਣੇ ਅਤੇ ਉਨ੍ਹਾਂ ਨੇ ਕਈ ਜ਼ਬੂਰ ਲਿਖੇ। ਇਸ ਟੱਬਰ ਤੋਂ, ਅਸੀਂ ਇਹ ਸਿੱਖ ਸਕਦੇ ਹਾਂ ਕਿ ਮਾਤਾ-ਪਿਤਾ ਦੇ ਪਾਪ ਇਕ ਪੁੱਤਰ (ਜਾਂ ਧੀ) ਨੂੰ ਪਰਮੇਸ਼ੁਰ ਦੇ ਉਪਯੋਗੀ ਸੇਵਕ ਬਣਨ ਤੋਂ ਨਹੀਂ ਰੋਕ ਸਕਦੇ।

## ਪਰਮੇਸ਼ੁਰ ਦੀ ਵਫ਼ਾਦਾਰੀ (ਅਧਿਆਇ 26)

ਉਜਾੜ ਯੁੱਗ ਵਿਚ ਮੁਸ਼ਕਲਾਂ ਅਤੇ ਇਸਰਾਏਲ ਦੇ ਨਿਰੰਤਰ ਪਾਪ ਦੇ ਬਾਵਜੂਦ, ਕੁੱਲ ਗਿਣਤੀ ਦੂਜੀ ਗਿਣਤੀ ਵਿਚ ਲਗਭਗ ਓਨੀ ਹੀ ਰਹੀ ਜਿੰਨੀ ਕਿ ਪਹਿਲੀ ਗਿਣਤੀ ਵਿਚ ਸੀ। ਇਹ ਛੋਟਾ ਜਿਹਾ ਬਦਲਾਅ ਇਸਰਾਏਲ ਦੇ ਲਈ ਪਰਮੇਸ਼ੁਰ ਦੀ ਭਲਿਆਈ, ਕਿਰਪਾ ਅਤੇ ਵੱਡੇਪਣ ਦੀ ਗਵਾਹੀ ਦਿੰਦਾ ਸੀ। ਪਰਮੇਸ਼ੁਰ ਆਪਣੀ ਪਰਜਾ ਨੂੰ ਬਰਕਤ ਦੇਣ ਦੇ ਲਈ ਬਹੁਤ ਭਲਾ ਰਿਹਾ ਸੀ, ਜਦੋਂ ਉਨ੍ਹਾਂ ਨੇ ਪਾਪ ਕੀਤਾ ਤਾਂ ਉਨ੍ਹਾਂ ਨੂੰ ਮਾਫ਼ ਕਰਨ ਵਿਚ ਕਿਰਪਾਲੂ ਰਿਹਾ ਸੀ ਅਤੇ ਉਨ੍ਹਾਂ ਨੂੰ ਵਾਅਦੇ ਦੀ ਧਰਤੀ ਦੀ ਸਰਹੱਦ ਉੱਤੇ ਲਿਆਉਣ ਵਿਚ ਭਿਆਣਕ ਮੁਸ਼ਕਲਾਂ ਤੇ ਜਿੱਤ ਦੇਣ ਵਿਚ ਬਹੁਤ ਮਹਾਨ ਰਿਹਾ ਸੀ।

ਦੂਜਿਆਂ, ਜਿਵੇਂ ਕਿ ਬਰਾਂਟ ਲੀ ਡੋਟੀ ਨੇ ਟਿੱਪਣੀ ਕੀਤੀ ਹੈ ਕਿ ਗਿਣਤੀ ਦੀ ਪੁਸਤਕ ਵਿਚ ਅੰਕੜੇ ਪਰਮੇਸ਼ੁਰ ਦੀ ਆਪਣੀ ਪਰਜਾ ਦੇ ਲਈ ਸ਼ਾਨਦਾਰ ਦੇਖਰੇਖ ਦੀ ਗਵਾਹੀ ਦਿੰਦੇ ਹਨ:

> ਗਿਣੇ ਗਏ 601,730 ਦਾ ਕੁੱਲ ਜੋੜ 1,820 ਦੇ ਮਾਮੂਲੀ ਜਿਹੇ ਘਾਟੇ ਨੂੰ ਦਰਸਾਉਂਦਾ ਹੈ - ਇਹ ਵਿਚਾਰ ਕਰਨ ਵਿਚ ਇਕ ਹੈਰਾਨੀਜਨਕ ਤੱਥ ਕਿ ਕੂਚ ਦੇ ਸਮੇਂ ਉਹ ਸਭ ਜਿਹੜੇ ਵੀਹ ਸਾਲ ਦੀ ਉਮਰ ਤੋਂ ਵੱਧ ਸਨ ਹੁਣ ਮਰ ਗਏ ਹਨ ਅਤੇ ਇਹ ਉਨ੍ਹਾਂ ਨੇ ਉੱਚੇ ਨੀਵੇਂ ਇਲਾਕੇ ਵਿਚ ਔਖਾ ਜੀਵਨ ਝੱਲਿਆ ਸੀ ਜਿਸ ਦੇ ਵਿੱਚੋਂ ਦੀ ਉਹ ਲੰਘ ਕੇ ਆਏ ਸਨ। ਇਹ ਸਪੱਸ਼ਟ ਹੈ ਕਿ ਪਰਮੇਸ਼ੁਰ ਦੇ ਹੱਥ ਨੇ ਉਨ੍ਹਾਂ ਦੀ ਅਗਵਾਈ ਕੀਤੀ ਸੀ ਅਤੇ ਉਨ੍ਹਾਂ ਨੂੰ ਅਦਭੁਤ ਤਰੀਕੇ ਨਾਲ ਬਰਕਤ ਦਿੱਤੀ ਸੀ।[3]

ਡਬਲਿਯੂ. ਐਚ. ਬੈਲਿੰਗਰ, ਜੂਨੀਅਰ, ਨੇ ਵੀ ਕਿਹਾ ਸੀ, "ਗਿਣਤੀ ਵਿਚ ਵਰਣਨ ਕੀਤੇ ਗਏ ਮੁਸ਼ਕਲ ਸਫ਼ਰ ਨੂੰ ਵੇਖਦੇ ਹੋਏ, ਕੁੱਲ ਜੋੜ ਆਪਣੇ ਆਪ ਵਿਚ ਪਰਮੇਸ਼ੁਰ ਦੀ ਵਫ਼ਾਦਾਰੀ ਅਤੇ ਪ੍ਰਬੰਧ ਦੀ ਇਕ ਸ਼ਾਨਦਾਰ ਗਵਾਹੀ ਹੈ।"[4]

---

### ਟਿੱਪਣੀਆਂ

[1]ਇਹ ਸੂਚੀ ਜੇਮਸ ਬਰਟਨ ਕੋਫਮੈਨ ਦੀ ਪੁਸਤਕ *ਕਮੈਂਟਰੀ ਆਨ ਲੇਵੀਆਂ ਦੀ ਪੋਥੀ ਐਂਡ ਗਿਣਤੀ: ਦ ਥਰਡ ਐਂਡ ਫੋਰਥ ਬੁਕਸ ਆਫ਼ ਮੋਜਜ* (ਐਬੀਲੀਨ, ਟੈਕਸਾਸ: ਏ.ਸੀ.ਯੂ. ਪ੍ਰੈਸ, 1987) ਵਿੱਚੋਂ ਸਫ਼ਾ 501 ਤੋਂ ਲਈ ਗਈ ਸੀ। [2]ਗੋਰਡਨ ਜੇ. ਵੈਨਹਮ ਦੀ ਪੁਸਤਕ ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1981) ਵਿਚ ਸਫ਼ਾ 191 ਤੇ *ਗਿਣਤੀ* ਹੈ। [3]ਬਰੈਂਟ ਲੀ. ਡੋਟੀ ਦੀ ਪੁਸਤਕ ਬਾਈਬਲ ਸਟੱਡੀ ਟੈਕਸਟਬੁਕ ਸੀਰੀਜ (ਜੋਪਲਿਨ, ਮਿਸੂਰੀ: ਕਾੱਲਜ ਪ੍ਰੈਸ, 1973) ਵਿਚ ਸਫ਼ਾ 288 ਤੇ *ਗਿਣਤੀ ਦੀ ਪੁਸਤਕ* ਹੈ। [4]ਡਬਲਿਯੂ. ਐਚ. ਬੈਲਿੰਗਰ, ਜੂਨੀਅਰ, *ਲੇਵੀਆਂ ਦੀ ਪੋਥੀ, ਗਿਣਤੀ*, ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ (ਪੀਬੋਡੀ, ਮਾਸਾਚੁਸੈਟਸ: ਹੈਂਡਰਿਕਸਨ ਪਬਲਿਸ਼ਰਜ਼, 2001), 280.